ੴ ਵਾਹਿਗੁਰੂ ਜੀ ਕੀ ਫਤਿਹ

ਮਾਸਿਕ ਪੱਤਰ

# ਸੂਰਾ

Sura Monthly

November-December 2001 Amritsar



## ਜਿਉ ਕਰਿ ਸੂਰਜੁ ਨਿਕਲਿਆ ॥
## ਤਾਰੇ ਛਪਿ ਅੰਧੇਰੁ ਪਲੋਆ ॥

www.AKJ.Org



ਗੁ: ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ



ਗੁ: ਸ੍ਰੀ ਸੰਤ ਘਾਟ ਸਾਹਿਬ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

Read SURA at internet : www.surainternational.com

ਜਿਲਦ 35 ਨਵੰਬਰ-ਦਸੰਬਰ, 2001 ਅੰਕ 10-11

### ਗੁਰਪੁਰਬ ਅਤੇ ਇਤਿਹਾਸਕ ਦਿਹਾੜੇ

| | |
|---|---|
| ਪਾਤ: 10 ਗੁਰਿਆਈ ਮਿਲੀ | 17 ਦਸੰਬਰ |
| ਪਾਤ: 9 ਜੋਤੀ ਜੋਤਿ ਸਮਾਏ | 19 ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ | 22 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ | 26-28 ਦਸੰਬਰ |

### ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ (ਸਾਲਾਨਾ) | | 50 ਰੁਪਏ |
| ਅਮਾਨਤੀ ਲਾਈਫ਼ ਮੈਂਬਰ | | 500 ਰੁਪਏ |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 150 ਰੁ: | 500 ਰੁ: |
| ਅਮਾਨਤੀ ਲਾਈਫ਼ ਮੈਂਬਰ | 1500 ਰੁ: | 5000 ਰੁ: |

### ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ
ਹੈੱਡ ਕੁਆਰਟਰ :
ਅਖੰਡ ਕੀਰਤਨੀ ਜੱਥਾ
ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਬੀ-ਬਲਾਕ,
ਅੰਮ੍ਰਿਤਸਰ - 143001 ਫੋਨ : 546320

### ਤਤਕਰਾ

| | ਪੰਨਾ |
|---|---|
| ਮਹੀਨਾ ਪੋਹ | 2 |
| ਸੰਪਾਦਕੀ | 3 |
| ਸਾਹਿਤਕ ਸਰਗਰਮੀਆਂ/ ਪਾਵਨ ਧਰਤੀ ਸ੍ਰੀ ਨਨਕਾਣਾ ਸਾਹਿਬ | 4 |
| ਸ੍ਰੀ ਗੁਰੂ ਨਾਨਕ ਦੇਵ ਜੀ-ਇਕ ਦਾਰਸ਼ਨਿਕ | 5 |
| ਗੁਰਮਤਿ ਅਧਿਆਤਮ ਕਰਮ ਫਿਲਾਸਫੀ | 10 |
| ਰੰਗ-ਰੱਤੜੇ ਬਾਊ ਮੱਲ ਸਿੰਘ ਜੀ | 14 |
| ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ | 17 |
| ਡਾਕਟਰ ਸਾਹਿਬ ਦਾ ਪੂਰਨ ਜੀ ਅਤੇ ਭੂਪ ਜੀ ਨਾਲ ਮਿਲਾਪ | 21 |
| ਇਹੁ ਮਨ ਧਾਵਤੁ ਤਾ ਰਹੈ | 25 |
| ਨਿਵਣੁ ਗੁਣ | 28 |
| ਸੁਖਮਨੀ ਦਾ ਨੂਰ | 30 |
| "ਉਹ ਹਮਲਾਵਰ ਨਹੀਂ......" -ਰਾਣੀ | 34 |
| ਕਾਵਿ-ਕਿਆਰੀ | 38 |
| ਪਿਆਰ | 39 |

'ਸੂਰਾ' ਮਾਸਿਕ ਪੱਤਰ ਪੰਜਾਬ ਸਰਕਾਰ ਦੇ ਪੱਤਰ ਨੰਬਰ 3/70-68-4 / ਅ.ਪ. ਮਿਤੀ 17-10-68 ਨਾਲ ਸਕੂਲ ਲਾਇਬ੍ਰੇਰੀਆਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਪ੍ਰਵਾਨ ਕੀਤਾ ਗਿਆ ।

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

ਸ਼ਹੀਦ ਗੰਜ ਖਾਲਸਾ ਮੈਮੋਰੀਅਲ ਸਕੂਲ, ਰੇਲਵੇ ਕਲੋਨੀ ਬੀ-ਬਲਾਕ, ਹੈੱਡਕੁਆਰਟਰ ਅਖੰਡ ਕੀਰਤਨੀ ਜੱਥਾ (ਮਾਲਕ) ਵਲੋਂ ਬਲਦੇਵ ਸਿੰਘ ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਨੇ ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਂਕ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਜਾਰੀ ਕੀਤਾ ।

www.AKJ.Org

# ਪੋਹ

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗਜੀਵਨੁ
ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ
ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆ ਪਤਿ ਦਾਤੇ
ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤਿ ਸਨੇਹੋ ॥

**ਪਦ-ਅਰਥ :** ਪੋਖਿ-ਪੋਹ (ਦੇ ਮਹੀਨੇ ਵਿੱਚ) । ਤੁਖਾਰੁ-ਕੱਕਰ, ਕੋਰਾ । ਰਸੁ-ਨਮੀ । ਸੋਖੈ-ਸੁਕਾ ਦੇਂਦਾ ਹੈ । ਵਸਹਿ-ਤੂੰ ਵੱਸਦਾ । ਮੁਖੇ-ਮੁਖ, ਮੁਖ ਵਿਚ । ਜਗਜੀਵਨੁ-ਜਗਤ ਦਾ ਜੀਵਨ, ਜਗਤ ਦਾ ਆਸਰਾ । ਮਾਣੀ-ਮਾਣੈ, ਮਾਣਦਾ ਹੈ । ਅੰਡਜ-ਅੰਡੇ ਤੋਂ ਪੈਦਾ ਹੋਣ ਵਾਲੇ ਜੀਵ । ਜੇਰਜ-ਜਿਓਰ ਤੋਂ ਪੈਦਾ ਹੋਣ ਵਾਲੇ । ਸੇਤਜ-ਮੁੜ੍ਹਕੇ ਤੋਂ ਪੈਦਾ ਹੋਣ ਵਾਲੇ । ਉਤਭੁਜ-ਧਰਤੀ ਵਿਚੋਂ ਉੱਗਣ ਵਾਲੇ । ਘਟਿ ਘਟਿ-ਹਰੇਕ ਘਟ ਵਿਚ । ਗਤਿ -ਉਚੀ ਆਤਮਕ ਅਵਸਥਾ । ਪਾਵਉ-ਪਾਵਉਂ, ਮੈਂ ਪਾ ਲਵਾਂ । ਮਤਿ-ਅਕਲ । ਰੰਗਿ-ਪਿਆਰ ਵਿਚ । ਰਸਿ-ਰਸ ਨਾਲ, ਅਨੰਦ ਨਾਲ। ਰਸੀਆ-ਪ੍ਰੇਮੀ । ਸਨੇਹੋ-ਪਿਆਰ ।

**ਅਰਥ :** ਪੋਹ (ਦੇ ਮਹੀਨੇ) ਵਿਚ ਕੱਕਰ ਪੈਂਦਾ ਹੈ, ਉਹ ਵਣ ਨੂੰ, ਘਾਹ ਨੂੰ (ਹਰੇਕ ਘਾਹ-ਬੂਟ ਦੇ) ਰਸ ਨੂੰ ਸੁਕਾ ਦੇਂਦਾ ਹੈ। (ਪ੍ਰਭੂ ਦੀ ਯਾਦ ਭੁਲਾਇਆਂ ਜਿਸ ਮਨੁੱਖ ਦੇ ਅੰਦਰ ਕੋਰਾਪਨ ਜ਼ੋਰ ਪਾਂਦਾ ਹੈ, ਉਹ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ) ਹੇ ਪ੍ਰਭੂ ! ਤੂੰ ਆ ਕੇ ਮੇਰੇ ਮਨ ਵਿਚ, ਤਨ ਵਿਚ, ਮੇਰੇ ਮੂੰਹ ਵਿੱਚ ਕਿਉਂ ਨਹੀਂ ਵੱਸਦਾ ? (ਤਾਂ ਕਿ ਮੇਰਾ ਜੀਵਨ ਰੁੱਖਾ ਨਾ ਹੋ ਜਾਏ) ।

ਜਿਸ ਜੀਵ ਦੇ ਮਨਵਿਚ, ਤਨ ਵਿਚ ਸਾਰੇ ਜਗਤ ਦਾ ਆਸਰਾ ਪ੍ਰਭੂ ਆ ਵੱਸਦਾ ਹੈ, ਉਹ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦਾ ਹੈ । ਉਸ ਨੂੰ ਚਹੁੰਆਂ ਖਾਣੀਆਂ ਦੇ ਜੀਵਾਂ ਵਿਚ, ਹਰੇਕ ਘਟ ਵਿਚ, ਪ੍ਰਭੂ ਦੀ ਜੋਤਿ ਸਮਾਈ ਦਿਸਦੀ ਹੈ ।

ਹੇ ਦਿਆਲ ਦਾਤਾਰ ! ਮੈਨੂੰ ਆਪਣਾ ਦਰਸ਼ਨ ਦੇ, ਮੈਨੂੰ (ਚੰਗੀ) ਅਕਲ ਦੇ, (ਜਿਸ ਕਰਕੇ) ਮੈਂ ਉਚੀ ਆਤਮਕ ਅਵਸਥਾ ਹਾਸਲ ਕਰ ਸਕਾਂ (ਤੇ ਤੈਨੂੰ ਹਰ ਥਾਂ ਵੇਖ ਸਕਾਂ) ।

ਹੇ ਨਾਨਕ ! ਜਿਸ ਮਨੁੱਖ ਦੀ ਪ੍ਰੀਤਿ, ਜਿਸ ਦਾ ਪਿਆਰ ਪਰਮਾਤਮਾ ਨਾਲ ਬਣ ਜਾਂਦਾ ਹੈ, ਉਹ ਪ੍ਰੇਮੀ ਪ੍ਰਭੂ ਦੇ ਪਿਆਰ ਵਿਚ (ਜੁੜ ਕੇ) ਉਸਦੇ ਗੁਣ ਅਨੰਦ ਨਾਲ ਯਾਦ ਕਰਦਾ ਹੈ ।੧੪।

**ਭਾਵ :** ਪਰਮਾਤਮਾ ਦੀ ਯਾਦ ਭੁਲਾਇਆਂ ਮਨੁੱਖ ਦੇ ਅੰਦਰ ਕੋਰਾਪਨ ਜ਼ੋਰ ਪਾ ਲੈਂਦਾ ਹੈ । ਉਹ ਕੋਰਾਪਨ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ । ਪਰਮਾਤਮਾ ਦੀ ਸਿਫ਼ਤਿ ਸਾਲਾਹ ਹੀ ਮਨੁੱਖ ਦੇ ਅੰਦਰ ਉਚੀ ਆਤਮਕ ਅਵਸਥਾ ਪੈਦਾ ਕਰਦੀ ਹੈ ਤੇ ਕਾਇਮ ਰੱਖਦੀ ਹੈ ।

(ਵਿਆਖਿਆ - ਪ੍ਰੋ: ਸਾਹਿਬ ਸਿੰਘ ਜੀ)

www.AKJ.Org

ਸੰਪਾਦਕੀ

# ਸਤਿਕਾਰ ਸਹਿਤ ਪਾਠਕ ਵੀਰਾਂ ਲਈ

ਦਾਸ ਦੇ ਹਰਦਿਲ ਅਜ਼ੀਜ਼ ਗੁਰਮੁਖ ਪਿਆਰਿਓ, ਤੁਸੀਂ ਨਵੰਬਰ ਦਾ ਸਾਰਾ ਮਹੀਨਾ ਦਿਨ ਦਿਨ ਗਿਣਕੇ ਗੁਜ਼ਾਰਿਆ ਹੋਵੇਗਾ, ਕਿਉਂਕਿ 'ਸੂਰਾ' ਪ੍ਰੀਵਾਰ ਅੰਮ੍ਰਿਤਸਰ ਉਕਤ ਮਹੀਨੇ ਦਾ 'ਸੂਰਾ' ਜਾਰੀ ਕਰਨ 'ਚ ਅਸਮਰਥ ਰਿਹਾ, ਇਸ ਲਈ ਮੁਆਫ਼ ਕਰਨਾ । ਇਹ ਸਪਲੀਮੈਂਟਰੀ 'ਸੂਰਾ' ਨਵੰਬਰ-ਦਸੰਬਰ ਮਹੀਨੇ ਲਈ ਇਕੱਠਾ ਹੀ ਹੈ ਅਤੇ ਜਿਹੜੇ ਵੀਰਾਂ ਨੇ ਇਕ ਸਾਲ ਲਈ ਚੰਦਾ ਜਮ੍ਹਾਂ ਕਰਾਇਆ ਹੈ ਉਹਨਾਂ ਨੂੰ ਹੁਣ ੧੨ ਦੀ ਥਾਂ ਤੇਰਾਂ 'ਸੂਰਾ' ਮਾਸਕ ਪੱਤਰ ਭੇਜੇ ਜਾਣਗੇ । ਤੁਹਾਡਾ ਪਹਿਲਾ ਸਵਾਲ ਦਾਸ ਤੇ ਤਾਂ ਇਹੋ ਹੀ ਹੈ, ਅਖੰਡ ਕੀਰਤਨੀ ਜੱਥਾ ਪੰਥ ਦੀ ਸਿਰਮੌਰ ਜਥੇਬੰਦੀ ਹੈ। ਜੱਥੇ ਦੀ ਦੇਖ-ਰੇਖ ਵਿਚ ਛਪ ਰਿਹਾ 'ਸੂਰਾ' ਮਾਸਕ ਪੱਤਰ ਕਿਉਂ ਨਹੀਂ ਛਪਿਆ ? ਇਸ ਸਵਾਲ ਦੇ ਉਤਰ ਵਿਚ ਦਾਸ ਸਪੱਸ਼ਟ ਕਰਦਾ ਹੈ ਕਿ ਲੁਧਿਆਣੇ ਦੀ ਸੰਗਤ ਦੀ ਲਿਖਤੀ ਬੇਨਤੀ ਤੇ ਅਮਲ ਕਰਦਿਆਂ ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਮੁਖੀ ਅਖੰਡ ਕੀਰਤਨੀ ਜੱਥਾ ਨੂੰ ਉਕਤ ਮੈਗਜ਼ੀਨ ਸ੍ਰੀ ਅੰਮ੍ਰਿਤਸਰ ਸ਼ਹੀਦ ਗੰਜ ਖ਼ਾਲਸਾ ਮੈਮੋਰੀਅਲ ਸਕੂਲ ਹੈੱਡ ਕੁਆਰਟਰ ਅਖੰਡ ਕੀਰਤਨੀ ਜੱਥਾ ਵਿਖੇ ਸ਼ਿਫ਼ਟ ਕਰਨਾ ਪਿਆ । 'ਸੂਰਾ' ਤਾਂ ਸ਼ਿਫ਼ਟ ਹੋ ਗਿਆ ਪਰ 'ਸੂਰੇ' ਨਾਲ ਸਬੰਧਤ ਕਰੀਬ ੨੪-੨੫ ਲੱਖ ਰੁਪੈ ਦੀਆਂ ਐਫ਼. ਡੀ. ਆਰਜ਼ ਜਿੰਨ੍ਹਾਂ ਦੇ ਵਿਆਜ ਨਾਲ 'ਸੂਰਾ' ਛਪਦਾ ਸੀ ਉਹ ਅਜੇ ਤਕ ਲੁਧਿਆਣੇ ਦੇ 'ਪੰਜਾਬ ਐਂਡ ਸਿੰਧ ਬੈਂਕ' ਸਥਿਤ ਬਰਾਂਚ ਵਿਖੇ ਕੁਝ ਅਣਚਾਹੇ ਕਾਰਨਾਂ ਕਰਕੇ ਰੁਕੀਆਂ ਪਈਆਂ ਹਨ । ਜਥੇਦਾਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਮਾਲਕ 'ਸੂਰਾ' ਮਾਸਕ ਪੱਤਰ ਦੀ ਨਿਰਦੇਸ਼ਨਾ ਤੇ ਪੁਰਜ਼ੋਰ ਕੋਸ਼ਿਸ਼ਾਂ ਜਾਰੀ ਹਨ, ਜਦੋਂ ਲੁਧਿਆਣੇ ਵਿਖੇ ਰੁਕਿਆ ਪੈਸਾ ਆ ਜਾਵੇਗਾ, 'ਸੂਰਾ' ਚੜ੍ਹਦੀ ਕਲਾ ਵਿਚ ਆਪ ਜੀ ਦੀ ਸੇਵਾ ਵਿਚ ਸਮੇਂ ਸਿਰ ਹਾਜ਼ਰ ਹੁੰਦਾ ਰਹੇਗਾ ।

ਪ੍ਰਦੇਸਾਂ ਵਿਚ ਵਿਚਰ ਰਹੇ ਵੀਰਾਂ ਨੇ ਆਪਣੀ ਬਕਾਇਆ ਰਕਮ ਭੇਜਣ ਦੀ ਕ੍ਰਿਪਾਲਤਾ ਕਰ ਦਿਖਾਈ ਹੈ । ਉਨ੍ਹਾਂ ਵਲੋਂ ਬਕਾਇਆ ਪੁੱਜੀ ਰਕਮ, ਸਹਾਇਤਾ ਲਈ ਭੇਜੀ ਮਾਇਆ ਲਈ ਦਾਸ ਉਨ੍ਹਾਂ ਵੀਰਾਂ ਦਾ ਤਹਿ-ਦਿਲੋਂ ਰਿਣਯੁਕਤ ਹੈ, ਜਿੰਨ੍ਹਾਂ ਨੇ ਇਸ ਆਉਖੀ ਘੜੀ 'ਚ ਮਾਇਆ ਭੇਜ ਕੇ, ਇਹ ਸਪਲੀਮੈਂਟ ਜਾਰੀ ਕਰਨ ਲਈ ਦਾਸ ਦੀ ਹੌਂਸਲਾ ਅਫ਼ਜ਼ਾਈ ਕੀਤੀ ਹੈ । ਜਿੰਨੀ ਦੇਰ ਤਕ ਲੁਧਿਆਣੇ ਵਿਖੇ ਰੁਕੀ ਰਕਮ ਨਹੀਂ ਪੁੱਜਦੀ, ਉਤਨੀ ਦੇਰ ਤਕ ਪਾਠਕਾਂ ਲਈ ਬੇਨਤੀ ਹੈ ਕਿ 'ਸੂਰਾ' ਦੇ ਲਾਈਫ਼ ਮੈਂਬਰ ਬਣ ਕੇ ਜਾਂ ਆਪਣੇ ਦਸਵੰਧ ਵਿਚੋਂ ਮਾਇਆ ਭੇਜ ਕੇ 'ਸੂਰਾ' ਦੀ ਮਦਦ ਕੀਤੀ ਜਾਵੇ ।

ਆਸ ਹੈ ਕਿ ਤੁਸੀਂ ਇਸ ਅਪੀਲ ਤੇ ਜ਼ਰੂਰ ਸੁਣਵਾਈ ਕਰੋਗੇ । ਸੰਗਤ ਦੇ ਸਾਹਮਣੇ ਮਾਮਲਾ ਰਖਿਆ ਹੈ, ਸੰਗਤ ਰੱਬ ਰੂਪ ਹੈ ਅਤੇ ਆਸ ਹੈ ਕਿ ਅੱਜ ਤੋਂ ਬਾਅਦ 'ਸੂਰਾ' ਪ੍ਰੀਵਾਰ ਅੰਮ੍ਰਿਤਸਰ ਨੂੰ ਸਾਧ ਸੰਗਤ ਦੇ ਆਸਰੇ, ਮਾਇਆ ਦੀ ਤੋਟ ਨਹੀਂ ਆਵੇਗੀ ।

ਦਾਸਨ ਦਾਸ,
ਬਲਦੇਵ ਸਿੰਘ (ਸੰਪਾਦਕ)
ਅਤੇ 'ਸੂਰਾ' ਪ੍ਰੀਵਾਰ, ਅੰਮ੍ਰਿਤਸਰ



www.AKJ.Org

# ਸਮਾਗਮ ਸਰਗਰਮੀਆਂ

੧. ਮਿਤੀ ੨੨-੧੨-੨੦੦੧ ਨੂੰ ਰੈਣਿ ਸਬਾਈ ਕੀਰਤਨ ਫਿਰੋਜਪੁਰ ਵਿਖੇ ਭਾਈ ਬਲਵਿੰਦਰ ਸਿੰਘ ਜੀ ਦੇ ਗ੍ਰਹਿ ਵਿਖੇ ਹੋ ਰਹੇ ਹਨ ।

੨. ਗੁਰਦੁਆਰਾ ਚਰਨ ਕੰਵਲ ਬੰਗਾ ਵਿਖੇ ਅਖੰਡ ਕੀਰਤਨੀ ਜੱਥਾ ਫਗਵਾੜਾ, ਬੰਗਾ ਅਤੇ ਨਵਾਂ ਸ਼ਹਿਰ ਦੀਆਂ ਸੰਗਤਾਂ ਵਲੋਂ ੨੦-੧੨-੨੦੦੧ ਤੋਂ ਸ੍ਰੀ ਅਖੰਡ ਪਾਠ ਦੀ ਆਰੰਭਤਾ ਨਾਲ ਸਮਾਗਮ ਆਰੰਭ ਹੋਵੇਗਾ । ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦਿਵਸ ਸੁਹੇਲਾ ੨੨-੧੨-੨੦੦੧ ਨੂੰ ਇਸੇ ਹੀ ਸਥਾਨ ਤੇ । ਕੀਰਤਨ ਰੈਣਿ ਸਬਾਈ ਭਾਈ ਕਰਨੈਲ ਸਿੰਘ ਜੀ ਦੇ ਗ੍ਰਹਿ ਵਿਖੇ ਮਿਤੀ ੨੨-੧੨-੨੦੦੧ ਸ਼ਾਮ ਨੂੰ ।

੩. ੨੩-੧੨-੨੦੦੧ ਨੂੰ ਦਿਵਸ ਸੁਹੇਲਾ ਕੀਰਤਨ ਕੂਕਰ ਰਾਮ ਕਉ ਜੀ ਦੇ ਗ੍ਰਹਿ ਵਿਖੇ ਪਿੰਡ ਨੰਗਲੀ, ਨੇੜੇ ਸਪਰਿੰਗ ਡੇ ਸੀਨੀਅਰ ਸੈਕੰਡਰੀ ਸਕੂਲ, ਮਕਾਨ ਨੰ: ੧੩, ਧੀਰ ਨਗਰ, ਫੋਨ ੫੦੮੫੯੪ ।

੪. ੨੫-੧੨-੨੦੦੧ ਨੂੰ ਹਮੀਰਾ ਵਿਖੇ ਦਿਵਸ ਸੁਹੇਲਾ ਕੀਰਤਨ ਹੋ ਰਹੇ ਹਨ ।

ਨੋਟ : ਗੁਰਸਿੱਖ ਬੱਚੇ ਬੱਚੀਆਂ ਦੇ ਅਨੰਦ ਕਾਰਜਾਂ ਲਈ ਜਿਸ ਕਿਸੇ ਵੀਰ, ਭੈਣ ਨੇ 'ਸੂਰਾ' ਮਾਸਕ ਪੱਤਰ ਵਿਚ ਐਡਵਰਟਾਈਜ਼ਮੈਂਟ ਦੇਣੀ ਹੋਵੇ, ਉਹ ਕ੍ਰਿਪਾ ਕਰਕੇ ਆਪਣਾ ਪੂਰਾ ਬਾਇਓਡਾਟਾ ਭੇਜਣ ਦੀ ਕ੍ਰਿਪਾਲਤਾ ਕਰਨ । ਅਧੂਰੀ ਸੂਚਨਾ ਤੇ ਅਨੰਦ ਕਾਰਜਾਂ ਪ੍ਰਤੀ ਇਸ਼ਤਿਹਾਰ 'ਸੂਰਾ' 'ਚ ਨਹੀਂ ਛਾਪਿਆ ਜਾਵੇਗਾ । 'ਸੂਰਾ' ਪ੍ਰੀਵਾਰ, ਅੰਮ੍ਰਿਤਸਰ

# ਸ੍ਰੀ ਨਨਕਾਣਾ ਸਾਹਿਬ ਦੀ ਪਾਵਨ ਧਰਤੀ

ਸ੍ਰੀ ਨਨਕਾਣਾ ਸਾਹਿਬ, ਲਾਹੌਰ ਤੋਂ ੬੦ ਕਿਲੋਮੀਟਰ ਦੱਖਣ ਪੱਛਮ ਵਲ ਹੈ । ਅਕਾਲ ਪੁਰਖ ਨੇ ਆਪਣੇ ਸੱਚਖੰਡ ਤੋਂ ਨਾਨਕ ਨਿਰੰਕਾਰੀ ਨੂੰ ਇਸ ਧਰਤੀ 'ਤੇ ੧੫ ਨਵੰਬਰ ੧੪੬੯, ਕੱਤਕ ਸੁਦੀ ੧੫ ਸੰਮਤ ੧੫੨੬ ਪੂਰਨਮਾਸ਼ੀ, ਬੁਧਵਾਰ ਨੂੰ ਮਹਿਤਾ ਕਲਿਆਣ ਦਾਸ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ, ਤਲਵੰਡੀ ਰਾਇ ਭੋਇ ਸਰਕਪੁਰ, ਜ਼ਿਲਾ ਸ਼ੇਖੂਪੁਰਾ ਵਿਖੇ ਭੇਜਿਆ ਕਿ ਸਾਰੀ ਮਨੁੱਖਤਾ ਦੇ ਭਲੇ ਲਈ ਆਪਣਾ ਜੀਵਨ ਅਰਪਨ ਕਰਨ । ਇਸੇ ਧਰਤੀ ਦੇ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਨੇ ਗੁਰੂ ਘਰ ਦੇ ਇਲਾਹੀ ਸ਼ਬਦ ਦੇ ਪ੍ਰਚਾਰ ਕਾਰਜਾਂ ਵਿਚ ਪੂਰਾ ਸਾਥ ਦਿੱਤਾ ।

ਇਸੇ ਧਰਤੀ ਦੇ ਚੌਧਰੀ ਰਾਇ ਬੁਲਾਰ ਖਾਨ ਭੱਟੀ ਨੇ ਬਾਲਕ ਨਾਨਕ ਦੇ ਬਚਪਨ ਦੇ ਅਲੌਕਿਕ ਕੌਤਕਾਂ ਤੋਂ ਰੱਬੀ ਨੂਰ ਸਮਝ ਕੇ ਪੂਰਾ ਸਤਿਕਾਰ ਕੀਤਾ । ਆਪਣੀ ੧੮ ਹਜ਼ਾਰ ਏਕੜ ਜ਼ਮੀਨ ਗੁਰੂ ਜੀ ਨੂੰ ਇਥੇ ਪਵਿੱਤਰ ਧਰਮਸਾਲ , ਸਰੋਵਰ ਬਣਾਏ ਜਾਣ ਵਾਸਤੇ ਭੇਟਾ ਕਰ ਦਿੱਤੀ ।

ਸੰਨ ੧੫੯੫ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ, ਅਕਤੂਬਰ ੧੬੨੦ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਅਸਥਾਨ ਦੀ ਸੇਵਾ ਸੰਭਾਲ ਕਰਵਾਈ । ਸੰਨ ੧੮੧੯ ਤੋਂ ਮ: ਰਣਜੀਤ ਸਿੰਘ ਨੇ ਹੋਰ ਜਾਗੀਰ ਲਗਵਾ ਕੇ ਸੁੰਦਰ ਇਮਾਰਤਾਂ ਤਿਆਰ ਕਰਵਾ ਕੇ ਸ਼ੁਕਰ ਕੀਤਾ । ੨੦ ਫਰਵਰੀ ੧੯੨੧ ਐਤਵਾਰ ਦੁਸ਼ਟ ਕਪਟੀ ਮਹੰਤ ਨਰਾਇਣ ਦਾਸ ਨੇ ਭਾਈ ਲਛਮਣ ਸਿੰਘ, ਦਲੀਪ ਸਿੰਘ, ਵਰਿਆਮ ਸਿੰਘ ਦੇ ਨਾਲ ੨੫੦ ਗੁਰੂ ਦੇ ਸਿੰਘਾਂ ਨੂੰ ਬੇਦਰਦੀ ਨਾਲ ਸ਼ਹੀਦ ਕਰਵਾ ਦਿੱਤਾ ਅਤੇ ਇੰਨ੍ਹਾਂ ਸ਼ਹੀਦ ਹੋਏ ਸਿੰਘ ਦੀਆਂ ਅਸਥੀਆਂ ਭਸਮ ਹਾਲਾਂ ਤੱਕ ਵੀ ਇਥੋਂ ਦੇ ਅੰਗੀਠੇ ਭੋਰੇ ਵਿੱਚ ਦੱਬੀਆਂ ਪਈਆਂ ਹਨ । ਪੰਥ ਨੂੰ ਚਾਹੀਦਾ ਹੈ ਕਿ ਇੰਨ੍ਹਾਂ ਅਸਥੀਆਂ ਭਸਮ ਨੂੰ ਕੱਢ ਕੇ ਜਲ ਪ੍ਰਵਾਹ ਕੀਤਾ ਜਾਵੇ । ਚੌ: ਰਾਏ ਬੁਲਾਰ ਦੀ ਅੰਸ ਵਿਚੋਂ ਰਾਇ ਭੋਇ ਖਾਂ, ਰਾਏ ਪਨਾਹ ਮੁਹੰਮਦ , ਅਫ਼ਜ਼ਲ ਖਾਂ, ਦਿਲਾਵਰ ਖਾਂ, ਕਾਇਮ ਖਾਂ, ਈਸਾ ਖਾਂ, ਬਸ਼ੀਰ ਮੁਹੰਮਦ ਖਾਂ, ਰਸ਼ੀਦ ਅਹਿਮਦ ਖਾਂ ਆਦਿ ਸੇਵਾ ਸੰਭਾਲ ਦੇ ਕਾਰਜ ਕਰ ਰਹੇ ਹਨ ।

ਵਲੋਂ : ਸਤਨਾਮ ਸਿੰਘ ਐਡਵੋਕੇਟ



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ - ਇਕ ਦਾਰਸ਼ਨਿਕ

ਸੰਸਾਰ ਵਿੱਚ ਕਈ ਵਿਦਵਾਨ ਹੋਏ ਹਨ । ਹਰ ਵਿਦਵਾਨ ਦੀ ਆਪਣੀ ਵਿਚਾਰਧਾਰਾ, ਆਪਣੀ ਕਲਪਨਾ ਤੇ ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ । ਉਹ ਆਪਣੇ ਸਮੇਂ ਦੇ ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਦਸ਼ਾ ਦਾ ਵਰਨਣ ਕਰਦਾ ਹੈ । ਉਨ੍ਹਾਂ ਹਾਲਾਤ ਦਾ ਵਿਸ਼ਲੇਸ਼ਣ ਕਰਦਾ ਹੈ ਤੇ ਫਿਰ ਕੋਈ ਨਵੀਂ ਵਿਚਾਰਧਾਰਾ ਪੇਸ਼ ਕਰਦਾ ਹੈ । ਉਹ ਆਪਣੇ ਸਮੇਂ ਦੀਆਂ ਗਲਤ ਕਦਰਾ-ਕੀਮਤਾਂ ਦਾ ਖੰਡਨ ਕਰਦਾ ਹੈ ਤੇ ਸਮਾਜ ਨੂੰ ਉਹ ਨਵੀਂ ਸੇਧ ਦੇਣਾ ਚਾਹੁੰਦਾ ਹੈ ।

ਸੰਸਾਰ ਵਿੱਚ ਕਈ ਫ਼ਿਲਾਸਫ਼ਰ ਹੋਏ ਹਨ । ਉਹਨਾਂ ਵਿਚੋਂ ਬਹੁਤ ਸਾਰੇ ਸੰਸਾਰ ਵਿੱਚ ਜਾਣੇ ਜਾਂਦੇ ਹਨ । ਜਿਵੇਂ ਪਲੈਟੋ, ਸੁਕਰਾਤ, ਅਰਸਤੂ, ਹੈਰੀਅਟ, ਵਾਲਟੀਅਰ, ਕਾਰਲਮਾਰਕਸ ਅਤੇ ਗਉਸੇ ਆਦਿ ।

ਇੰਗਲੈਂਡ ਦਾ ਇਤਿਹਾਸ ਅਧਿਐਨ ਕਰਨ ਤੋਂ ਪਤਾ ਚਲਦਾ ਹੈ ਕਿ ੧੭ਵੀਂ ਤੇ ੧੯ਵੀਂ ਸਦੀ ਵਿੱਚ ਬਹੁਤ ਕ੍ਰਾਂਤੀਆਂ ਆਈਆਂ । ਸੰਨ ੧੬੮੮ ਈ: ਵਿੱਚ ਇੰਗਲੈਂਡ ਵਿੱਚ ਸ਼ਾਨਦਾਰ ਕ੍ਰਾਂਤੀ ਆਈ । ਇਹ ਚਾਰਲਸ ਪਹਿਲੇ ਤੇ ਜੇਮਜ ਦੂਜੇ ਦੀ ਡਿਕਟੇਟਰਾਨਾ ਨੀਤੀ ਦਾ ਸਿੱਟਾ ਸੀ । ਇਸ ਕ੍ਰਾਂਤੀ ਵਿੱਚ ਬਿਨਾਂ ਖ਼ੂਨ-ਖਰਾਬੇ ਜੇਮਜ ਦੂਜੇ ਦਾ ਤਖ਼ਤਾ ਪਲਟ ਦਿੱਤਾ ਗਿਆ ਤੇ ਉਸਦੀ ਥਾਂ ਵਿਲੀਅਮ ਨੂੰ ਦੇਸ਼ ਦੀ ਵਾਗ ਡੋਰ ਸੌਂਪੀ ਗਈ । ਇਸਨੂੰ ਸ਼ਾਨਦਾਰ ਕ੍ਰਾਂਤੀ ਇਸ ਲਈ ਕਿਹਾ ਗਿਆ ਕਿਉਂਕਿ ਇਹ ਬਿਨਾਂ ਖ਼ੂਨ-ਖਰਾਬੇ ਹੋ ਗਈ । ਇਸ ਕ੍ਰਾਂਤੀ ਦੀ ਰਹਿਨੁਮਾਈ ਹੈਰੀਅਟ ਨੇ ਕੀਤੀ ਸੀ ।

ਉਸ ਤੋਂ ਪਿਛੋਂ ਸੰਨ ੧੭੮੯ ਈ: ਵਿੱਚ ਫਰਾਂਸ ਵਿੱਚ ਕ੍ਰਾਂਤੀ ਆਈ । ਇਹ ਫਰਾਂਸ ਦੇ ਰਾਜਾ ਲੂਈਸ ਚੌਦਵੇਂ ਦੀ ਗਲਤ ਨੀਤੀ ਦਾ ਪ੍ਰਤੀਕਰਮ ਸੀ । ਇਸ ਕ੍ਰਾਂਤੀ ਨੂੰ ਸੰਸਾਰ ਵਿੱਚ ਬਹੁਤ ਮਹੱਤਵਪੂਰਨ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਪ੍ਰਾਪਤੀ ਸਮਾਨਤਾ (ਓਤੁਓਲਟਿ) ਸੁਤੰਤਰਤਾ (ਲ਼ਬਿਇਰਟੇ) ਤੇ ਭਾਈਚਾਰਾ (ਢਰਓਟਇਰਨਟਿ) ਸੀ । ਹਰ ਕ੍ਰਾਂਤੀ ਕਿਸੇ ਨਾ ਕਿਸੇ ਰਾਜੇ ਹੁਕਮਰਾਨ ਜਾਂ ਡਿਕਟੇਟਰ ਦੇ ਅਨਿਆਂ ਤੇ ਅਤਿਆਚਾਰਾਂ ਦਾ ਸਿੱਟਾ ਹੁੰਦੀ ਹੈ । ਹਰ ਕ੍ਰਾਂਤੀ ਦੀ ਰਹਿਨੁਮਾਈ ਕੋਈ ਨਾ ਕੋਈ ਨਵੀਂ ਵਿਚਾਰਧਾਰਾ ਪੇਸ਼ ਹੁੰਦੀ ਹੈ । ਇਸ ਤੋਂ ਪਿਛੋਂ ਸੰਸਾਰ ਵਿੱਚ ਰੂਸੀ ਕ੍ਰਾਂਤੀ ਆਈ । ਇਹ ਜ਼ਾਰ ਦੀ ਵਹਿਸ਼ੀਆਨਾ ਜ਼ੁਲਮਾਂ ਤੇ ਅਤਿਆਚਾਰਾਂ ਦਾ ਪ੍ਰਤੀਕਰਮ ਸੀ । ਇਸਦੀ ਮੁੱਖ ਵਿਚਾਰਧਾਰਾ ਸਮਾਜਵਾਦ ਸੀ । ਇਸਦੀ ਰਹਿਨੁਮਾਈ ਲੇਨਿਨ ਨੇ ਕੀਤੀ । ਭਾਵੇਂ ਇਹ ਵਿਚਾਰਧਾਰਾ ਕਾਰਲ ਮਾਰਕਸ ਦੀ ਸੀ ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਹੁਤ ਸਾਰੇ ਇਤਿਹਾਸਕਾਰਾਂ ਨੇ ਸਮਾਜ ਸੁਧਾਰਕ ਦੇ ਰੂਪ ਵਿੱਚ ਪੇਸ਼ ਕੀਤਾ ਹੈ । ਸਮਾਜ ਸੁਧਾਰਕ ਹਮੇਸ਼ਾਂ ਪ੍ਰਚੱਲਤ ਰਸਮੋ-ਰਿਵਾਜ ਜਾਂ ਕਦਰਾਂ-ਕੀਮਤਾਂ ਵਿੱਚ ਥੋੜ੍ਹਾ ਫੇਰ-ਬਦਲ ਕਰਦਾ ਹੈ ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰੋਲ ਆਪਣੀ ਵਿਚਾਰਧਾਰਾ ਪੇਸ਼ ਕੀਤੀ ਹੈ ।

ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਪਿਛੋਕੜ ਵੇਖਣਾ ਹੈ । ਬਾਬਰ ਦੇ ਹਮਲੇ ਤੋਂ ਪਹਿਲਾਂ ਭਾਰਤ ਵਿੱਚ ਲੋਧੀ ਵੰਸ਼ ਦਾ ਰਾਜ ਸੀ । ਇਲਾਉਦੀਨ ਲੋਧੀ ਤੇ ਬਾਬਰ ਦੀ ਲੜਾਈ ੧੫੨੬ ਈ: ਵਿੱਚ ਹੋਈ । ਇਲਾਉਦੀਨ ਹਾਰ ਖਾ ਕੇ ਭੱਜ ਗਿਆ । ਫਲਸਰੂਪ ਭਾਰਤ ਵਿੱਚ ਕੋਈ ਹਕੂਮਤ ਨਹੀਂ ਸੀ । ਲੋਧੀ ਵੰਸ਼ ਦੇ ਰਾਜੇ ਬਹੁਤ ਅਤਿਆਚਾਰੀ ਸਨ । ਇਸ ਲਈ ਪਰਜਾ ਨੇ ਉਸ ਦਾ ਸਾਥ ਨਹੀਂ ਦਿੱਤਾ । ਲੋਧੀ ਵੰਸ਼ ਦੇ ਅਹਿਲਕਾਰ ਤੇ ਰਜਵਾੜੇ ਜਬਰਨ ਹਿੰਦੂਆਂ ਦੀਆਂ ਧੀਆਂ ਅਗਵਾ ਕਰਕੇ ਲੈ ਜਾਂਦੇ ਸਨ ।



www.AKJ.Org

ਸੰਨ ੧੫੨੨ ਈ: ਵਿੱਚ ਬਾਬਰ ਨੇ ਐਮਨਾਬਾਦ ਤੇ ਹਮਲਾ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਉਸ ਸਮੇਂ ਐਮਨਾਬਾਦ ਵਿੱਚ ਸਨ । ਉਨ੍ਹਾਂ ਨੇ ਬਾਬਰ ਦੇ ਹਮਲੇ ਤੋਂ ਪ੍ਰਭਾਵਿਤ ਲੋਕਾਂ ਦੀ ਦਸ਼ਾ ਵੇਖੀ । ਐਮਨਾਬਾਦ ਵਿੱਚ ਚੌਹੀਂ ਪਾਸੀਂ ਅੱਗ ਲੱਗ ਰਹੀ ਸੀ ਤੇ ਚੀਖ-ਪੁਕਾਰ ਦੀਆਂ ਆਵਾਜ਼ਾਂ ਆ ਰਹੀਆਂ ਸਨ । ਖੂਨ-ਖਰਾਬਾ, ਲੁੱਟ-ਮਾਰ ਅਤੇ ਕਤਲੇਆਮ ਹੋ ਰਹੀ ਸੀ । ਔਰਤਾਂ ਦੇ ਗਹਿਣੇ ਜ਼ਬਰਦਸਤੀ ਉਤਾਰੇ ਜਾ ਰਹੇ ਸਨ । ਤੇ ਉਨ੍ਹਾਂ ਦੇ ਭਰਾ-ਪਿਤਾ ਤੇ ਪਤੀ ਦੇ ਸਾਹਮਣੇ ਉਨ੍ਹਾਂ ਦੀ ਪੱਤ ਲੁੱਟੀ ਜਾ ਰਹੀ ਸੀ ਪ੍ਰੰਤੂ ਉਹ ਲਾਚਾਰ ਵੇਖੀ ਜਾਂਦੇ ਸਨ । ਸਿਰਫ਼ ਹਿੰਦੂ ਔਰਤਾਂ ਹੀ ਨਹੀਂ, ਪਠਾਨ ਔਰਤਾਂ ਦੀ ਵੀ ਪੱਤ ਲੁੱਟੀ ਜਾ ਰਹੀ ਸੀ । ਹਮਲਾਵਰ ਸ਼ਾਹੀ ਹਰਮਾ ਵਿੱਚ ਦਾਖ਼ਲ ਹੋ ਕੇ ਬੇਗ਼ਮਾਂ ਤੇ ਦਾਸੀਆਂ ਦੀ ਪੱਤ ਵੀ ਲੁੱਟ ਰਹੇ ਸਨ । ਪ੍ਰੰਤੂ ਕੋਈ ਵੀ ਰਾਜਕੁਮਾਰ ਉਨ੍ਹਾਂ ਦੀ ਰਖਿਆਂ ਕਰਨ ਲਈ ਸਾਹਮਣੇ ਨਹੀਂ ਸੀ ਆਇਆ । ਸਭ ਭੱਜ ਗਏ ਸਨ ।

ਇਸ ਖੂਨ-ਖਰਾਬੇ ਤੇ ਬਾਬਰ ਦੇ ਹਮਲੇ ਤੋਂ ਪ੍ਰਭਾਵਿਤ ਲੋਕਾਂ ਦਾ ਹਾਲ ਵੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਿਲ ਕੰਬ ਉਠਿਆ । ਆਪ ਜੀ ਤੋਂ ਰਿਹਾ ਨਾ ਗਿਆ ਤੇ ਆਪ ਜੀ ਨੇ ਬਾਬਰ ਦੀ ਸੈਨਾ ਨੂੰ 'ਪਾਪ ਦੀ ਜੰਞ' ਕਿਹਾ ਤੇ ਬੜੀ ਨਿਰਭੈਤਾ ਨਾਲ ਬਾਬਰ ਦੇ ਜ਼ੁਲਮ ਤੇ ਅਤਿਆਚਾਰਾਂ ਦੀ ਨਿਖੇਧੀ ਕੀਤੀ । ਆਪ ਜੀ ਨੇ ਫੁਰਮਾਇਆ :

**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥**

(ਪੰਨਾ ੭੨੨)

ਬਾਬਰ ਦੇ ਹਮਲੇ ਤੋਂ ਪ੍ਰਭਾਵਿਤ ਲੋਕਾਂ ਦੀ ਦਸ਼ਾ ਵੇਖ ਕੇ ਫੁਰਮਾਇਆ :

**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥**

(ਪੰਨਾ ੭੨੩)

ਆਪ ਜੀ ਨੇ ਪ੍ਰਮਾਤਮਾ ਪਾਸ ਫ਼ਰਿਆਦ ਕੀਤੀ ਕਿ ਮੇਰੇ ਤੋਂ ਇਹਨਾਂ ਲੋਕਾਂ ਦੀ ਦਸ਼ਾ ਵੇਖੀ ਨਹੀਂ ਜਾਂਦੀ, ਪ੍ਰੰਤੂ ਮੈਂ ਹੈਰਾਨ ਹਾਂ ਕਿ ਤੂੰ ਇਹ ਜ਼ੁਲਮ ਵੇਖ ਕੇ ਚੁੱਪ ਕਿਉਂ ? ਤੈਨੂੰ ਕੀ ਇਨ੍ਹਾਂ ਮਜ਼ਲੂਮਾਂ ਦੀ ਹਾਲਤ ਵੇਖ ਕੇ ਤਰਸ ਨਹੀਂ ਆਉਂਦਾ ?

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥**

(ਪੰਨਾ ੩੬੦)

ਆਪ ਜੀ ਨੇ ਪ੍ਰਮਾਤਮਾ ਨੂੰ ਕਿਹਾ ਕਿ ਤੇਰੇ ਹੁਕਮ ਤੋਂਨ ਬਿਨਾਂ ਕੋਈ ਪੱਤਾ ਨਹੀਂ ਹਿਲ ਸਕਦਾ, ਫਿਰ ਆਪ ਕਿਉਂ ਜਮਦੂਤ ਵਰਗੇ ਬਾਬਰ ਨੂੰ ਭੇਜ ਦਿੱਤਾ । ਜੰਗਲ ਵਿੱਚ ਜੇ ਕੋਈ ਭੇਡ ਬੱਕਰੀਆਂ ਉਤੇ ਖੂੰ-ਖਾਰ ਸ਼ੇਰ ਹਮਲਾ ਕਰ ਦੇਵੇ ਤਾਂ ਰਾਖੇ ਦਾ ਕੰਮ ਹੁੰਦਾ ਹੈ, ਉਨ੍ਹਾਂ ਦੀ ਰਖਿਆ ਕਰਨਾ । ਇਹ ਭਾਰਤ ਵਾਸੀ ਭੇਡ ਬੱਕਰੀਆਂ ਵਾਂਗ ਮਾਸੂਮ ਹਨ । ਤੂੰ ਕਿਉਂ ਚੁੱਪ ਹੈਂ ? ਅੱਗੇ ਲਿਖਿਆ ਹੈ ਕਿ ਜੇ ਕੋਈ ਸ਼ਕਤੀਸ਼ਾਲੀ ਬੰਦਾ ਸ਼ਕਤੀਸ਼ਾਲੀ ਵਿਅਕਤੀ ਤੇ ਹਮਲਾ ਕਰ ਦੇਵੇ ਤਾਂ ਕੋਈ ਅਫ਼ਸੋਸ ਨਹੀਂ ਹੁੰਦਾ ਪ੍ਰੰਤੂ ਜੇ ਕੋਈ ਖੂੰ-ਖਾਰ ਸ਼ੇਰ ਭੇਡ-ਬੱਕਰੀਆਂ ਉਤੇ ਹੱਲਾ ਕਰ ਦੇਵੇ ਤਾਂ ਰਾਖੇ ਦਾ ਕੰਮ ਰਖਿਆਂ ਕਰਨਾ ਹੈ । ਆਪ ਜੀ ਨੇ ਫੁਰਮਾਇਆ ਹੈ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**

(ਪੰਨਾ ੩੬੦)



www.AKJ.Org

ਆਪ ਜੀ ਨੇ ਬਾਣੀ ਵਿੱਚ ਲਿਖਿਆ ਹੈ ਕਿ 'ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ'

ਕਿਸੇ ਪਰੰਪਰਾ ਨੂੰ ਨਾ ਮੰਨਣਾ ਸੌਖੀ ਗੱਲ ਹੈ, ਪ੍ਰੰਤੂ ਕਿਸੇ ਪਰੰਪਰਾ ਨੂੰ ਬੰਦ ਕਰਕੇ ਨਵੀਂ ਪਰੰਪਰਾ ਚਲਾਣੀ ਬਹੁਤ ਮਾਅਰਕੇ ਦੀ ਗੱਲ ਹੈ । ਆਪ ਜੀ ਨੇ ਜਨੇਊ ਧਾਰਨ ਕਰਨ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਜਨੇਊ ਕਿਹੋ ਜਿਹਾ ਹੋਣਾ ਚਾਹੀਦਾ ਹੈ, ਲਿਖ ਦਿੱਤਾ ਹੈ ।

ਭਾਰਤ ਵਿੱਚ ਭੇਡ ਚਾਲ ਤੇ ਪਾਖੰਡ ਜੋਰਾਂ ਤੇ ਸੀ । ਭਾਰਤ ਵਾਸੀ ਕਰਮ ਕਾਂਡਾਂ ਤੇ ਬਾਹਰਲੀ ਸੁਚਮ ਲਈ ਜਨੇਊ ਪਹਿਨ ਲੈਣਾ, ਤਿਲਕ ਲਗਾ ਲੈਣਾ ਤੇ ਜਪ-ਮਾਲਾ ਫੜ ਲੈਣੀ ਪ੍ਰੰਤੂ ਸਰਕਾਰੀ ਨੌਕਰੀ ਕਰਨ ਖਾਤਰ ਮੁਸਲਮਾਨੀ ਲਿਬਾਸ, ਪਠਾਣਾਂ ਤੇ ਮੁਗਲਾਂ ਦੀ ਬੋਲੀ ਫ਼ਾਰਸੀ ਬੋਲਣੀ ਤੇ ਕਚਹਿਰੀਆਂ ਵਿੱਚ ਸਲਾਮ ਕਰਦੇ ਰਹਿਣਾ । ਇਹ ਆਪਣੀ ਸੰਸਕ੍ਰਿਤੀ ਭੁੱਲ ਚੁੱਕੇ ਸਨ। ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਦੀ ਇਹ ਹਾਲਤ ਕਿਉਂ ਹੋਈ ? 'ਜਿਸ ਨੋ ਆਪ ਖੁਆਏ ਕਰਤਾ ਖੁਸਿ ਲਏ ਚੰਗਿਆਈ' (੪੧੭) । ਇਹ ਕੌਮਾਂਤਰੀ ਭਾਵਨਾ ਭੁੱਲ ਗਏ ਹਨ । ਭਾਰਤਵਾਸੀ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਹਨ । ਆਪ ਜੀ ਨੇ ਉਸ ਸਮੇਂ ਦੀ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਦਸ਼ਾ ਦਾ ਅਧਿਐਨ ਕੀਤਾ ਤੇ ਵਿਸ਼ਲੇਸ਼ਣ ਕੀਤਾ । ਆਪ ਇਸ ਨਤੀਜੇ ਤੇ ਪਹੁੰਚੇ ਕਿ ਭਾਰਤ ਵਾਸੀ ਜ਼ਾਤ ਪਾਤ ਤੇ ਵਰਣਾਂ ਵਿੱਚ ਵੰਡੇ ਹੋਏ ਹਨ । ਖੱਤਰੀ, ਬ੍ਰਾਹਮਣ, ਵੈਸ਼ ਅਤੇ ਸ਼ੂਦਰ । ਸ਼ੂਦਰਾਂ ਨੂੰ ਉਸ ਸਮੇਂ ਬਹੁਤ ਘਿਰਣਾਂ ਕੀਤੀ ਜਾਂਦੀ ਸੀ । ਉਹਨਾਂ ਤੋਂ ਸਫ਼ਾਈ ਕਰਵਾਉਣਾ, ਪਸ਼ੂਆਂ ਦੀ ਖੱਲ ਉਤਾਰਨਾ, ਜੁੱਤੀਆਂ ਬਣਾਉਣਾ, ਕੱਪੜਾ ਬੁਨਣਾ ਆਦਿ ਕਈ ਕੰਮ ਲਏ ਜਾਂਦੇ ਸਨ । ਇਸ ਤੋਂ ਇਲਾਵਾ ਉਹਨਾ ਨੂੰ ਨਗਰਾਂ ਵਿਚੋਂ ਬਾਹਰ ਰੱਖਣਾ, ਉਹ ਕਿਸੇ ਉਚੀ ਜ਼ਾਤ ਵਾਲੇ ਨਾਲ ਛੂਹ ਨਹੀਂ ਸੀ ਸਕਦਾ, ਮੰਦਰ ਨਹੀਂ ਸੀ ਜਾ ਸਕਦਾ, ਵੇਦਾਂ ਸ਼ਾਸਤਰਾਂ ਦੇ ਮੰਤਰ ਨਹੀਂ ਸੀ ਸੁਣ ਸਕਦਾ । ਇਥੋਂ ਤੱਕ ਕਿ ਰਾਹ ਚਲਦਿਆਂ ਜੇ ਕੋਈ ਉਚੀ ਕੁਲ ਵਾਲਾ ਅੱਗੋਂ ਆ ਰਿਹਾ ਹੋਵੇ ਤਾਂ ਆਪਣੀਆਂ ਜੁੱਤੀਆਂ ਸਿਰ ਉਤੇ ਰੱਖ ਲੈਣਾ, ਉਚੀ ਕੁਲ ਵਾਲੇ ਦੇ ਖੂਹ ਨਹੀਂ ਸੀ ਚੜ੍ਹ ਸਕਦਾ ।

ਇਸੇ ਪ੍ਰਕਾਰ ਇਸਤ੍ਰੀ ਜਾਤੀ ਜੋ ਸਮਾਜ ਦਾ ਮੁੱਖ ਅੰਗ ਹੁੰਦਾ ਹੈ, ਉਸਨੂੰ ਕਲੰਕਣੀ, ਬਾਘਣ, ਸਰਪਣੀ ਆਦਿ ਕਿਹਾ ਜਾਂਦਾ ਸੀ । ਗੋਰਖ ਨਾਥ ਨੇ ਇਸਤ੍ਰੀ ਨੂੰ ਬਾਘਣ, ਜੈਨ ਧਰਮ ਵਿੱਚ ਸਰਪਣੀ ਜਾਂ ਕਲੰਕਣੀ ਕਿਹਾ ਜਾਂਦਾ ਸੀ ।

ਤੁਲਸੀ ਦਾਸ ਜੀ ਨੇ ਕਮਾਲ ਕਰ ਦਿੱਤੀ, ਇਸਨੂੰ ਪਸ਼ੂ, ਸ਼ੂਦਰ, ਤੇ ਗਵਾਰ ਨਾਲ ਤੁਲਨਾ ਕੀਤੀ । ਮਹਾਤਮਾ ਬੁੱਧ ਨੇ ਆਪਣੇ ਮੁੱਖ ਚੇਲੇ ਆਨੰਦ ਨੂੰ ਹੁਕਮ ਦਿੱਤਾ ਸੀ ਕਿ ਇਸਤ੍ਰੀ ਜ਼ਾਤ ਨੂੰ ਆਪਣੇ ਸੰਘ ਵਿੱਚ ਸ਼ਾਮਿਲ ਨਹੀਂ ਕਰਨਾ ਵਰਨਾ ਸੰਘ ਬਹੁਤ ਦੇਰ ਨਹੀਂ ਚਲੇਗਾ ।

ਹੋਰ ਤਾਂ ਹੋਰ ਈਸਾਈ ਧਰਮ ਜੋ ਅਗਾਂਹ-ਵਧੂ ਮੰਨਿਆ ਜਾਂਦਾ ਹੈ, ਘੋਇਟਹਣ ਇਕ ਯੋਰਪੀਅਨ ਫ਼ਿਲਾਸਫ਼ਰ ਸੀ, ਉਹ ਕਹਿੰਦਾ ਹੈ ਇਸਤ੍ਰੀ ਵਿੱਚ ਰੂਹ ਨਹੀਂ ਹੁੰਦੀ । ਸ਼ੈਕਸਪੀਅਰ ਇਸਤ੍ਰੀ ਨੂੰ ਮਨੁੱਖ ਦੀ ਕਮਜ਼ੋਰੀ ਕਹਿੰਦਾ ਹੈ । ਇਸਲਾਮ ਧਰਮ ਵਿੱਚ ਔਰਤ ਨੂੰ ਚਾਰ ਦੀਵਾਰੀ ਵਿੱਚ ਕੈਦ ਕਰਕੇ ਰੱਖਣ ਅਤੇ ਜਦੋਂ ਬਾਹਰ ਜਾਵੇ ਤਾਂ ਪਰਦਾ ਕਰਕੇ ਰੱਖਣ ਦਾ ਆਦੇਸ਼ ਹੈ ।

ਅਜਿਹੀ ਪਿੱਠ-ਭੂਮੀ ਵਿੱਚ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਦੇ ਸਮਾਜ ਵਿੱਚ ਇਹ ਐਲਾਨ ਕਰਨਾ ਕਿ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ॥ ਕਿੰਨੀ ਜੁਰਅਤ, ਕਿੰਨੀ ਦਲੇਰੀ ਅਤੇ ਵੰਗਾਰ ਵਾਲੀ ਗੱਲ ਸੀ ।

ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਜਾਣਦੇ ਹਨ ਕਿ ਜਦੋਂ ਤੱਕ ਸਮਾਜ ਦਾ ਹਰ ਅੰਗ, ਹਰ ਵਰਗ ਨੂੰ ਬਰਾਬਰ ਅਵਸਰ, ਬਰਾਬਰ ਹੱਕ ਨਹੀਂ ਮਿਲਦਾ ਤਦ ਤੱਕ ਸਮਾਜ ਵਿੱਚ ਝਗੜੇ ਲੜਾਈਆਂ ਸਮਾਪਤ ਨਹੀਂ ਹੋ ਸਕਦੇ ਤੇ ਜੇ ਲੋਕ ਆਪਸ ਵਿੱਚ ਲੜਦੇ ਰਹਿਣਗੇ ਤੇ ਬਾਹਰਲੀਆਂ ਤਾਕਤਾਂ ਦਾ ਮੁਕਾਬਲਾ ਕਿਵੇਂ ਕਰਨਗੇ ?

ਭਾਰਤੀ ਸਮਾਜ ਜ਼ਾਤ-ਪਾਤ ਵਿੱਚ ਵੰਡਿਆ ਹੋਇਆ ਸੀ । ਇਕ ਦੂਜੇ ਨੂੰ ਬਹੁਤ ਘਿਰਣਾ ਕਰਦੇ ਸਨ, ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਸਨ । ਇਸੇ ਲਈ ਲੁਟੇਰੇ ਭਾਰਤ ਉਤੇ ਹਮਲਾ ਕਰਦੇ ਅਤੇ ਲੁੱਟ-ਮਾਰ ਕਰ ਕੇ ਚ ਲੇ ਜਾਂਦੇ । ਭਾਰਤੀ ਸੁੰਦਰ,



www.AKJ.Org

ਜੋਬਨ-ਮੱਤੀਆਂ ਉਠਾ ਕੇ ਲੈ ਜਾਂਦੇ ਪ੍ਰੰਤੂ ਭਰਾ, ਮਾਤਾ-ਪਿਤਾ ਅਤੇ ਪਤੀ ਵੇਖਦੇ ਰਹਿ ਜਾਂਦੇ । ਮੁਹੰਮਦ ਗਜ਼ਨਵੀ ਨੇ ੧੭ ਹਮਲੇ ਕੀਤੇ ਤੇ ਮੁਹੰਮਦ ਗੌਰੀ ਨੇ ਛੇ ਹਮਲੇ ਕੀਤੇ । ਹਿੰਦੂ ਮੰਦਰ ਗਿਰਾਏ ਤੇ ਲੁੱਟ -ਮਾਰ ਕੀਤੀ ਤੇ ਚਲੇ ਗਏ ਪ੍ਰੰਤੂ ਕਿਸੇ ਰਾਜੇ ਨੇ ਉਨ੍ਹਾਂ ਦੇ ਦੰਦ ਖੱਟੇ ਨਹੀਂ ਕੀਤੇ । ਹੋਰ ਤਾਂ ਹੋਰ ਕਿਸੇ ਮੁਕਾਬਲਾ ਤੱਕ ਨਹੀਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਕਿ ਭਾਰਤੀ ਲੋਕਾਂ ਵਿੱਚ ਸ੍ਵੈ-ਮਾਨ, ਕੌਮਾਂਤਰੀ ਭਾਵਨਾ, ਸ੍ਵੈ-ਵਿਸ਼ਵਾਸ ਨਹੀਂ ਸੀ । ਆਪ ਜੀ ਨੇ ਚਿੰਤਨ ਕੀਤਾ ਤੇ ਅਨੁਭਵ ਕੀਤਾ ਕਿ ਜਦੋਂ ਤੱਕ ਭਾਰਤ ਦੇ ਹਰ ਵਰਗ, ਹਰ ਵਰਣ, ਹਰ ਜ਼ਾਤ ਹਰ ਧਰਮ ਨੂੰ ਆਜ਼ਾਦੀ, ਬਰਾਬਰ ਹੱਕ ਤੇ ਸਨਮਾਨ ਨਹੀਂ ਦਿੱਤਾ ਜਾਂਦਾ, ਸਮਾਜ ਸ਼ਕਤੀਸ਼ਾਲੀ ਨਹੀਂ ਬਣ ਸਕਦਾ ।

ਆਪ ਜੀ ਨੇ ਪ੍ਰਚੱਲਤ ਰਸਮੋ-ਰਿਵਾਜ ਜਿਵੇਂ ਜਨੇਊ, ਸੂਤਕ, ਤਿਲਕ, ਜਮਾਲਾ ਆਦਿ ਵਿਖਾਵੇ ਦੇ ਚਿੰਨ੍ਹਾਂ ਦੀ ਨਿਖੇਧੀ ਕੀਤੀ ਤੇ ਦਇਆ, ਸਬਰ, ਸੰਤੋਖ ਖਿਮਾਂ, ਜੱਤ ਤੇ ਸੱਤ ਤੇ ਸਿਮਰਨ ਕਰਨ ਦਾ ਉਪਦੇਸ਼ ਦਿੱਤਾ । ਆਪ ਜੀ ਨੇ ਦਸਿਆ ਕਿ ਬਾਹਰਲੀ ਸੁਚਮਤਾ ਤੇ ਪਾਖੰਡ ਨਾਲ ਪ੍ਰਮਾਤਮਾ ਨਹੀਂ ਮਿਲਦਾ ।

ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ ਜਿਸ ਵਿਚੋਂ ਰਾਜਸੀ ਤੇ ਆਰਥਕ ਬਰਾਬਰੀ ਹੋਵੇ । ਸਮਾਜ ਦਾ ਹਰ ਵਰਗ ਸਨਮਾਨ ਨਾਲ ਰਹਿ ਸਕੇ । ਹਰ ਬੰਦੇ ਨੂੰ ਚੰਗੇ ਰਹਿਣ-ਸਹਿਣ ਦਾ ਹੱਕ ਹੋਵੇ । ਸਭ ਨੂੰ ਬਰਾਬਰ ਉਨਤੀ ਦੇ ਅਵਸਰ ਮਿਲਣ ।

ਗੁਰੂ ਜੀ ਅਨੁਸਾਰ ਸਭ ਮਨੁੱਖ ਬਰਾਬਰ ਹਨ ਕਿਉਂਕਿ ਉਹ ਇਕੋ ਈਸ਼ਵਰ ਦੀ ਸੰਤਾਨ ਹਨ । ਆਪ ਜੀ ਨੇ ਨੀਵੀਂਆਂ ਤੇ ਦੱਬੀਆਂ ਸ਼੍ਰੇਣੀਆਂ ਨੂੰ ਉਚਾ ਸਥਾਨ ਤੇ ਬਰਾਬਰੀ ਦਾ ਦਰਜਾ ਦਿੱਤਾ । ਆਪ ਜੀ ਨੇ ਜਪੁਜੀ ਸਾਹਿਬ ਵਿੱਚ ਫੁਰਮਾਇਆ ਹੈ:

> ਗੁਰਾ ਇਕ ਦੇਹਿ ਬੁਝਾਈ ॥
> ਸਭਨਾ ਜੀਆ ਕਾ ਇਕੁ ਦਾਤਾ
> ਸੋ ਮੈ ਵਿਸਰਿ ਨ ਜਾਈ ॥੫॥ (ਪੰਨਾ ੨)

ਆਪ ਜੀ ਦੀ ਮੁੱਖ ਵਿਚਾਰਧਾਰਾ ਇਹ ਸੀ ਕਿ ਸਭ ਮਨੁੱਖ ਈਸ਼ਵਰ ਦੀ ਸੰਤਾਨ ਹਨ । ਆਪ ਜੀ ਨੇ ਕਈ ਥਾਂ ਪ੍ਰਭੂ ਦੇ ਸੂਖਮ ਰੂਪ ਬਾਰੇ ਵਰਨਣ ਕੀਤਾ ਹੈ :

> ਸੂਖਮ ਮੂਰਤ ਨਾਮ ਨਿਰੰਜਨ ਕਾਇਆ ਕਾ ਆਕਾਰ ॥

ਪ੍ਰਭੂ ਦੇ ਦਰਸ਼ਨ ਮਨੁੱਖ ਦੀ ਹੀ ਕਾਇਆ ਵਿੱਚ ਹੋ ਸਕਦੇ ਹਨ । ਹਰ ਮਨੁੱਖ ਵਿੱਚ ਪ੍ਰਭੂ ਦੀ ਜੋਤਿ ਹੈ । ਆਪ ਜੀ ਨੇ ਆਰਤੀ ਵਿੱਚ ਈਸ਼ਵਰ ਦੀ ਹੋਂਦ ਬਾਰੇ ਲਿਖਿਆ ਹੈ :

> ਸਭ ਮਹਿ ਜੋਤਿ ਜੋਤਿ ਹੈ ਸੋਇ ॥
> ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
> ਗੁਰਸਾਖੀ ਜੋਤਿ ਪਰਗਟੁ ਹੋਇ ॥

ਪ੍ਰਮਾਤਮਾ ਦੀ ਜੋਤ ਸਭ ਦੇ ਅੰਦਰ ਹੈ । ਇਸ ਲਈ ਹਰ ਜੀਵ ਨੂੰ ਪਿਆਰ ਕਰੋ । ਕਿਸੇ ਨਾਲ ਘਿਰਣਾ ਨਾ ਕਰੋ ਕਿਉਂਕਿ ਹਰ ਜੀਵ ਵਿੱਚ ਪ੍ਰਭੂ ਦੀ ਜੋਤ ਪ੍ਰਕਾਸ਼ਮਾਨ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਭੇਤ ਨੂੰ ਕਈ ਹੋਰ ਥਾਈਂ ਵੀ ਪ੍ਰਗਟ ਕੀਤਾ ਹੈ । ਆਸਾ ਦੀ ਵਾਰ ਵਿੱਚ ਗੁਰੂ ਜੀ ਨੇ ਫੁਰਮਾਇਆ ਹੈ :

> ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ॥
> ਅਕਲ ਕਲਾ ਭਰਪੂਰਿ ਰਹਿਆ ॥


www.AKJ.Org

ਪ੍ਰਭੂ ਖੁਦ ਸੂਰਜ ਦੀ ਨਿਆਈਂ ਹੈ । ਉਹ ਆਪਣੇ ਆਪ ਵਿੱਚ ਸੰਪੂਰਣ ਹੈ ਪ੍ਰੰਤੂ ਸੂਰਜ ਦੀਆਂ ਕਿਰਣਾਂ ਵਾਂਗ ਉਸ ਦੀ ਜੋਤ ਹਰ ਜੀਵ ਵਿੱਚ ਪ੍ਰਕਾਸ਼ਮਾਨ ਹੈ ।

ਇਸ ਲਈ ਸਭ ਜੀਵ ਬਰਾਬਰ ਹਨ । ਕੋਈ ਛੋਟਾ ਵੱਡਾ ਨਹੀਂ ਹੈ । ਕੋਈ ਉਚ-ਨੀਚ ਨਹੀਂ ਸਭ ਬਰਾਬਰ ਹਨ । ਮਾਨਵਤਾ ਹੀ ਧਰਮ ਹੈ । ਫਰਾਂਸ ਕ੍ਰਾਂਤੀ ਵਿੱਚ ਜਿਸ ਬਰਾਬਰੀ ਦਾ ਜ਼ਿਕਰ ਕੀਤਾ ਗਿਆ ਹੈ ਉਹ ਹੁਣ ਤੱਕ ਸੰਸਾਰ ਵਿੱਚ ਕਾਇਮ ਨਹੀਂ ਹੋ ਸਕੇ । ਅੱਜ ਵੀ ਸੰਸਾਰ ਦੇ ਕਈ ਦੇਸ਼ਾਂ ਵਿੱਚ ਕਾਲੇ ਗੋਰੇ ਦੇ ਭੇਦ, ਯਹੂਦੀ ਤੇ ਫਲਸਤੀਨੀ ਦਾ ਭੇਦ, ਸ਼ੀਆ ਤੇ ਸੁਖਮਨੀ ਮੁਸਲਮਾਨ ਦੇ ਭੇਦ ਹਨ । ਦੁਨੀਆਂ ਹੁਣ ਵੀ ਫਿਰਕਿਆਂ ਵਿੱਚ ਵੰਡੀ ਹੋਈ ਹੈ । ਹੁਣ ਵੀ ਕਈ ਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਨਹੀਂ । ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਜਿਤਨੀ ਮਹਤੱਤਾ ਉਸ ਸਮੇਂ ਰੱਖਦੇ ਸਨ, ਉਤਨੀ ਹੁਣ ਵੀ ਰੱਖਦੇ ਹਨ ।

ਸੰਸਾਰ ਦੇ ਕਈ ਦੇਸ਼ਾਂ ਵਿੱਚ ਹੁਣ ਵੀ ਇਸਤ੍ਰੀ ਜ਼ਾਤੀ ਨੂੰ ਸਮਾਨ-ਅਧਿਕਾਰ ਨਹੀਂ ਦਿੱਤੇ ਜਾਂਦੇ । ਈਸਾਈ ਧਰਮ ਵਿੱਚ ਹੁਣ ਵੀ ਕੋਈ ਇਸਤ੍ਰੀ ਪਾਦਰੀ ਨਹੀਂ ਬਣ ਸਕਦੀ । ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਨਾ-ਬਰਾਬਰੀ ਖ਼ਤਮ ਕਰਨ ਦਾ ਸੰਦੇਸ਼ ਦਿੱਤਾ ਸੀ, ਉਹ ਹੁਣ ਵੀ ਸਾਰਥਕ ਹੈ । ਜੇ ਸਮਾਜ ਵਿੱਚ ਨਾ-ਬਰਾਬਰੀ ਰਹੇਗੀ ਤਾਂ ਭਾਈਚਾਰਾ ਨਹੀਂ ਰਹਿ ਸਕਦਾ । ਗੁਰੂ ਜੀ ਅਨੁਸਾਰ ਜਦੋਂ ਤੱਕ ਸਮਾਜ ਦੇ ਹਰ ਵਰਗ, ਹਰ ਵਰਣ ਨੂੰ ਬਰਾਬਰ ਦਰਜਾ ਨਹੀਂ ਦਿੱਤਾ ਜਾਂਦਾ, ਸ਼ਾਂਤੀ ਨਹੀਂ ਹੋ ਸਕਦੀ । ਇਸ ਲਈ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੇ ਸੰਦੇਸ਼ਾਂ ਨੂੰ ਅਪਨਾਉਣ ਦੀ ਲੋੜ ਹੈ ।

ਗੁਰੂ ਨਾਨਕ ਦੇਵ ਜੀ ਅਜਿਹੇ ਆਗੂ ਹੋਏ ਹਨ ਜਿੰਨ੍ਹਾਂ ਨੇ ਈਸ਼ਵਰ ਦੀ ਭਗਤੀ ਦੇ ਨਾਲ ਨਾਲ ਸਮਾਜਿਕ, ਰਾਜਨੀਤਕ ਤੇ ਆਰਥਿਕ ਚੇਤਨਾ ਵੀ ਪੈਦਾ ਕੀਤੀ ਤੇ ਸਮਾਜਿਕ ਨਾ-ਬਰਾਬਰੀ ਨੂੰ ਖਤਮ ਕੀਤਾ ਤੇ ਹਰ ਵਰਗ ਨੂੰ ਬਰਾਬਰ ਅਧਿਕਾਰ ਅਤੇ ਬਰਾਬਰ ਪ੍ਰਤੀਨਿਧਤਾ ਦਾ ਪ੍ਰਸ਼ਨ ਉਠਾਇਆ । ਆਪ ਨਿਰਸੰਦੇਹ ਬਹੁਤ ਵੱਡੇ ਫ਼ਿਲਾਸਫ਼ਰ ਸਨ ।

ਕੁਲਦੀਪ ਸਿੰਘ ਐਮ.ਏ.
CD/7A LIG Flat, G-8 Area,
ਹਰੀ ਨਗਰ, ਨਵੀਂ ਦਿੱਲੀ -੬੪

✧★✧

**ਅੰਮ੍ਰਿਤ ਛਕੋ – ਸਿੰਘ ਸਜੋ – ਗੁਰੂ ਵਾਲੇ ਬਣੋ**



www.AKJ.Org

# ਗੁਰਮਤਿ ਅਧਿਆਤਮ ਕਰਮ ਫਿਲਾਸਫੀ

*(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

(ਲੜੀ ਜੋੜਨ ਲਈ 'ਸੂਰਾ' ਅਕਤੂਬਰ ੨੦੦੧ ਅੰਕ ਦੇਖੋ)

ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥
ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥
ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥
ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥੪॥੧॥੩੧॥

(ਆਸਾ ਮ: ੧, ਪੰਨਾ ੩੫੮)

**ਵਿਆਖਿਆ** --ਖਟ ਸ਼ਾਸਤਰ ਕੀਹਦੇ ਵਿਚਾਰੇ ਹਨ ਅਤੇ ਅਠਾਰਾਂ ਪੁਰਾਣਾਂ ਦੀ ਕੀ ਹੈਸੀਅਤ ਹੈ । ਲੱਖਾਂ ਸ਼ਾਸਤਰਾਂ ਅਤੇ ਲਖਾਂ ਪੁਰਾਣਾਂ ਨੂੰ ਲਖ ਵਿਦਿਆਬੇਤੇ ਭਾਵੇਂ ਲਖਾਂ ਵੇਰੀ ਪੜ੍ਹਨਿ ਵਖਿਆਨਣ ਅਤੇ ਪੜ੍ਹਿ ਪੜ੍ਹਿ ਲੋਕਾਂ ਨੂੰ ਸਮਝਾਵਣ, ਪਰ ਤਿਨ੍ਹਾਂ ਸ਼ਾਸਤਰਾਂ ਪੁਰਾਣਾਂ ਦੇ ਪੜ੍ਹਿਆਂ ਸੁਣਿਆਂ ਵੀਚਾਰਿਆਂ ਕਦੇ ਗਤਿ ਨਹੀਂ ਹੁੰਦੀ ਅਤੇ ਸ਼ਾਸਤਰ ਪੁਰਾਣ ਪੜ੍ਹਨ ਸੁਣਨ ਤੇ ਕਮਾਵਨਹਾਰਿਆਂ ਦੀ ਪਤ ਕਦੇ ਲੇਖੇ ਨਹੀਂ ਪੈਂਦੀ । ਜੇ ਪਤਿ ਲੇਖੇ ਹੀ ਨਾ ਪਈ ਤਾਂ ਏਹਨਾਂ ਸ਼ਾਸਤਰਾਂ ਪੁਰਾਣਾਂ ਦਾ ਪੜ੍ਹਿਆ ਸੁਣਿਆ ਕਮਾਇਆ ਸਭੇ ਹੀ ਅਪ੍ਰਵਾਣ ਹੈ ਅਤੇ ਤਿਨ੍ਹਾਂ ਅਨੁਸਾਰੀ ਕਰਮ ਕੀਤੇ ਭੀ ਅਪ੍ਰਵਾਣ ਹਨ । ਸ਼ਾਸਤਰਾਂ ਪੁਰਾਣਾਂ ਦੇ ਵਿਦਤਾਏ ਕਰਮਾਂ ਦੇ ਕੀਤਿਆਂ ਕਰਮ ਕਰਨਹਾਰਿਆਂ ਦੀ ਕਦੇ ਗਤਿ ਨਹੀਂ ਹੁੰਦੀ । ਨਾ ਹੀ ਪਤਿ ਲੇਖੇ ਪੈਂਦੀ ਹੈ । ਪਤਿ ਲੇਖੇ ਪੈਂਦੀ ਹੈ ਤਾਂ ਸਚੇ ਨਾਮ, ਗੁਰਮਤਿ ਨਾਮ ਦੀ ਕਮਾਈ ਕੀਤਿਆਂ ਪੈਂਦੀ ਹੈ । ਗਤਿ ਹੁੰਦੀ ਹੈ ਤਾਂ ਸੱਚੇ ਨਾਮ, ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੁੰਦੀ ਹੈ । ਕਰਤਾਰ ਨਿਰੰਕਾਰ ਦੇ ਸੱਚੇ ਨਾਮ ਅਭਿਆਸ ਕਮਾਈ ਰੂਪੀ ਕਰਮ ਕੀਤਿਆਂ ਹੁੰਦੀ ਹੈ । ਐਸੀ ਅਤੁੱਟ ਕਮਾਈ ਕੀਤੀ ਜਾਵੇ ਕਿ ਗੁਰਮਤਿ ਨਾਮ ਦਿਨ ਰਾਤ (ਅਹਿਨਿਸਿ) ਹਿਰਦੇ ਵਿਚਿ ਹੀ ਵਸਿਆ ਰਸਿਆ ਰਹੇ । ਐਹੋ ਜਿਹੀ ਵਸਣੀ ਵਸੇ ਅਤੇ ਐਹੋ ਜਿਹੀ ਰਸਨੀ ਰਸੇ ਕਿ ਜਿਸ ਅਹਿਨਿਸੀ ਅਭਿਆਸ ਕਮਾਈ ਦੇ ਪਰਤਾਪ ਕਰਿ ਜੋਤੀ ਸਰੂਪ ਵਾਹਿਗੁਰੂ ਹੀ ਹਿਰਦੇ ਵਿਚਿ ਆਣ ਵਸੇ । ਇਉਂ ਨਦਰੀ ਵਾਹਿਗੁਰੂ ਦੀ ਨਦਰਿ ਨਿਹਾਲਤਾ ਨਾਲਿ ਪਾਰ-ਉਤਾਰਾ ਹੈ । ਹੋਰ ਕਿਵੇਂ ਭੀ ਨਹੀਂ । ਕਿਸੇ ਕਰਮ ਕੀਤਿਆਂ ਨਹੀਂ ਹੁੰਦਾ ਨਿਸਤਾਰਾ ਛੁਟਕਾਰਾ ।

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ
ਕਹਣੁ ਨ ਜਾਈ ਤੇਰੇ ਗੁਣ ਕੇਤੇ ॥੧॥ਰਹਾਉ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥



www.AKJ.Org

ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥

ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥

ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

(ਆਸਾ ਘਰੁ ੪, ਮ: ੧, ਪੰਨਾ ੩੫੮)

ਵਿਆਖਿਆ --ਬੜੇ ਬੜੇ ਦੇਵਤਿਆਂ ਨੇ ਪ੍ਰਮਾਤਮਾ ਦੇ ਦਰਸਨ ਪਰਸਨ ਖ਼ਾਤਰ ਆਪ-ਹੁਦਰੇ ਕਰਮ ਬਥੇਰੇ ਕੀਤੇ, ਤਨ ਨੂੰ ਤਤਿਖਸ਼ਾ ਕਸ਼ਟ ਦੇਣ ਦੇ, ਅਹਾਰ ਬਰਤ ਰੱਖ ਕੇ ਭੀ ਸਹਿਣ ਦੇ, ਤੀਰਥ ਨ੍ਹਾ ਕੇ ਤੀਰਥਾਂ ਤੇ ਰਹਿਣ ਦੇ ਤੇ ਅਨੇਕਾਂ ਤੀਰਥਾਂ ਦੀ ਯਾਤਰਾ ਕਰਨ ਦੇ ਅਨੇਕਾਂ ਹਠ ਕਰਮ ਕੀਤੇ, ਪਰ ਇਨ੍ਹਾਂ ਹਠ ਕਰਮਾਂ ਨੂੰ ਕਰਕੇ ਤਿਨ੍ਹਾਂ ਨੂੰ ਦਰਸ਼ਨ ਪ੍ਰਾਪਤ ਨਾ ਹੋਇਆ । ਜੋਗੀ ਲੋਗ ਜੋਗ-ਸਾਧਨਾ ਅਤੇ ਗ੍ਰਿਸਤ ਤਿਆਗੀ ਜਤੀ ਲੋਗ ਜਤ ਰੱਖਣ ਦੀਆਂ ਵਖੋ ਵਖ ਜੁਗਤੀਆਂ ਕਰਿ ਰਹੇ ਅਤੇ ਭਗਵੇਂ ਭੇਖ ਧਾਰਿ ਧਾਰਿ ਮਰ ਰਹੇ, ਪਰ ਤਿਨ੍ਹਾ ਨੂੰ ਭੀ ਦਰਸ਼ਨ ਨਸੀਬ ਨਾ ਹੋਇਆ ।ਜੋਗ ਜੁਗਤੀਆਂ ਅਤੇ ਜਤਿ ਜਤੁਗਤੀਆਂ ਅਤੇ ਭੇਖ ਭਗਵੁਤੀਆਂ ਕੀਤੀਆਂ ਤਿਨ੍ਹਾਂ ਦੀਆਂ ਬੇਅਰਥ ਹੋ ਗਈਆਂ । ਹੇ ਸੱਚੇ ਸਾਹਿਬਾ ! ਤੈਨੂੰ ਲੱਭਣ, ਤੇਰੇ ਦਰਸ਼ਨ ਨੂੰ ਪਰਸਣ ਕਾਰਣਿ ਤੇਰੇ ਨਾਮ ਰੰਗਿ ਰਤਿਆਂ ਦੀ ਹੀ ਪੂਰੀ ਪਈ । ਤੇਰੇ ਇਕੋ ਗੁਰਮਤਿ ਨਾਮ ਦੇ ਰੰਗਾਂ ਵਿਚਿ ਕਰੜੇ ਅਭਿਆਸ ਕਮਾਵਤਿਆਂ ਦੀ ਹੀ ਪੂਰੀ ਪਈ। ਹੋਰ ਤੇਰੇ ਅਨੇਕਾਂ ਕਿਰਤਮ ਨਾਮਾਂ ਦੀ ਕਮਾਈ ਦੇ ਤਰਲਿਆਂ ਦੁਆਰਾ ਤੇਰੇ ਅਨੰਤ ਰੂਪਾਂ ਰੰਗਾਂ ਦੀ ਵਡਿਆਈ ਕਿਸੇ ਤੋਂ ਕਹੀ ਨਹੀਂ ਗਈ, ਸਮੁਚੇ ਹੀ ਕਹਿਣ ਕਥਨਹਾਰਿਆਂ ਤੇ ਕਹੀ ਕਥੀ ਨਹੀਂ ਗਈ । ਸਭ ਹਾਰ ਥਕੇ, ਪਰ ਤੇਰੇ ਸੱਚੇ ਦਰਸ਼ਨ ਦੀ ਸੁਧ ਸੂੰਹ ਕਿਸੇ ਤੋਂ ਭੀ ਲਹੀ (ਲਈ) ਨਹੀਂ ਗਈ । ਤੇਰੇ ਬੇਅੰਤ ਗੁਣਾਂ ਦਾ ਪਾਰਾਵਾਰ ਕਿਸੇ ਤੋਂ ਪਾਇਆ ਨਹੀਂ ਗਿਆ । ਇਹ ਪਾਰਾਵਾਰ ਲੈਣ ਨੂੰ ਬਥੇਰੇ ਹੰਭ ਥਕੇ । ਆਪਣੀ ਰਿਹਾਇਸ਼ ਨਿਵਾਸ ਦੇ ਦਰ ਘਰ ਮਹਲਾਂ ਨੂੰ ਛੱਡ ਕੇ, ਹਾਥੀ ਘੋੜਿਆਂ ਨੂੰ ਛੱਡ ਕੇ, ਆਪਣੇ ਜੰਮਣ ਭੂਮ ਦੇ ਨਿਜ-ਦੇਸ਼ ਵਲਾਇਤਾਂ ਨੂੰ ਛੱਡ ਕੇ ਪਰਦੇਸਾਂ ਅਤੇ ਜੰਗਲਾਂ ਬਨਾਂ ਨੂੰ ਤੁਰ ਗਏ । ਤਿਨ੍ਹਾਂ ਦੀ ਉਪਰਾਮਤਾ ਤਾਂ ਬੜੀ ਤਰਸਯੋਗ ਸੀ, ਪਰ ਸਭ ਤੋਂ ਬੜੀ ਤਰਸਯੋਗ ਗੱਲ ਇਹ ਹੋਈ ਕਿ ਉਹ ਕੁਰਾਹੇ ਪੈ ਗਏ । ਉਨ੍ਹਾਂ ਨੂੰ ਸੱਚਾ ਮਾਰਗ ਨਾ ਮਿਲਿਆ । ਜੇਹੜੇ ਜੇਹੜੇ ਭੀ ਹਾਦੀ ਹੋ ਗੁਜ਼ਰੇ, ਪੀਰ ਤੇ ਪੈਗੰਬਰ ਆਦਿਕ ਆਪਣੇ ਆਪ ਨੂੰ ਸਾਦਿਕ ਸਦਾਉਣ ਵਾਲੇ ਸਾਲਿਕ ਕਹਾਉਣ ਵਾਲੇ (ਰਸਤਾ ਦਿਖਾਉਣ ਵਾਲੇ) ਤਿਨ੍ਹਾਂ ਨੇ ਭੀ ਦੁਨੀਆਂ ਦਾ ਕੂੜਾਵਾ ਤਿਆਗ ਕੀਤਾ । ਦੁਨੀਆਂ ਛੋਡੀ ਪਰ ਬਰਾਏ ਨਾਮ, ਫੇਰ ਮੁੜ ਆਪਣੇ ਘਰ ਠਿਕਾਣਿਆਂ ਤੇ ਆਇ ਵੱਸੇ । ਪਰਨਾਲਾ ਥਾਉਂ ਦਾ ਥਾਉਂ ਹੀ ਰਿਹਾ । ਤਿਆਗ ਕੀਤਾ ਐਵੇਂ ਹੀ ਗਿਆ । ਸਤਿ ਨਾਮ ਕਿਸੇ ਨਾ ਦਸਿਆ, ਨਾ ਦ੍ਰਿੜਾਇਆ । ਬਥੇਰਿਆਂ ਨੇ ਦੁਨਿਆਵੀ ਪਦਾਰਥਾਂ ਦੇ ਸੁਆਦ ਛੱਡੇ । ਦੁਨੀਆਂ ਦੇ ਸੁਖ-ਰਹਿਣੇ ਆਰਾਮ ਭੀ ਬਥੇਰਿਆਂ ਨੇ ਛੱਡ ਕੇ ਦੇਖੇ । ਬਥੇਰਿਆਂ ਨੇ ਸੰਸਾਰੀ ਰਸਾਂ ਕਸਾਂ ਨੂੰ ਤਜਿਆ । ਬਹੁਤਿਆਂ ਨੇ ਬਸਤਰ ਕੱਪੜਿਆਂ ਦੇ ਥਾਇਂ ਤਨ ਤੇ ਚਮੜੇ ਪਹਿਨੇ । ਅਜਿਹੇ ਚਮੜ-ਪੋਸ਼ੀਏ, ਖੱਪਰ-ਖੇਵੀਏ, ਖੱਪਰਾਂ ਠੂਠਿਆਂ ਵਿਚਿ ਭਿਖਿਆ ਮੰਗੇਵੀਏ ਬਥੇਰੇ ਨਾਨਾ ਪ੍ਰਕਾਰੀ ਭੇਖਧਾਰੀ ਹੋ ਗੁਜ਼ਰੇ । ਡੰਡਾਧਾਰੀ ਸੰਨਿਆਸੀ ਮ੍ਰਿਗ-ਛਾਲਾ ਲਿਬਾਸੀ, ਜਨੇਊ, ਬੋਦੀ ਰਖੋ ਜੀ, ਧੋਤੀ-ਪੋਸ਼ ਆਦਿਕ ਬਥੇਰੇ ਸ੍ਵਾਂਗ ਧਾਰੀ ਰੱਬ ਦੇ ਲੱਭਣ ਲਈ ਸ੍ਵਾਂਗ ਧਾਰ ਥਕੇ । ਪਰ ਏਹਨਾਂ ਭੇਖਾਂ ਦੁਆਰਾ ਉਪਰ ਕਥੇ ਕਰਮਾਂ ਵਾਲਿਆਂ ਤੋਂ ਰੱਬ ਤੇ ਰੱਬ ਦਾ ਦਰਸ਼ਨ ਪਾਇਆ ਨਾ ਗਿਆ । ਅਜੇਹੇ ਤਰਸਯੋਗ ਦੁਖੀਏ ਦਰਦਵੰਤ ਤਾਂ ਬਥੇਰੇ ਹੋਏ, ਪਰ ਤੇਰੇ ਨਾਮ ਰਤੇ ਜਨ ਹੀ ਸੱਚੇ ਦਰਵੇਸ਼, ਨਾਮ ਦੀ ਭਿਖਿਆ ਦੇ ਦਰਵੇਸ਼, ਤੇਰੇ ਦਰਸ਼ਨਾਂ ਦੀ ਸੱਚੀ ਦਰਸ਼ਨਿਕ ਭਿਖਿਆ ਦੇ ਦਰਵੇਸ਼, ਅਸਲੀ ਦਰ ਦਰਵੇਸ਼ ਹੋਏ ਤਾਂ ਤੇਰੇ ਨਾਮ ਵਿਚਿ, ਸੱਚੇ



www.AKJ.Org

ਨਾਮ ਵਿਚਿ, ਇਕੋ ਗੁਰਮਤਿ ਸੱਚੇ ਨਾਮ ਵਿਚਿ ਰਤੜੇ ਗੁਰਮੁਖ ਜਨ ਹੀ ਹੋਏ । ਨਹੀਂ ਤਾਂ ਸਭਨਾਂ ਦੀ ਹਾਲਤ ਰਹਿਮਯੋਗ ਹੈ। ਉਨ੍ਹਾਂ ਉਤੇ ਭੀ ਸੱਚਾ ਰਹੀਮ ਕਰੀਮੁ ਕਾਦਰੇ ਮੁੱਲਕ ਸੱਚਾ ਪਾਤਸ਼ਾਹ ਰਹਿਮਤ ਕਰੇਗਾ । ਰਹਿਮਤ ਧਾਰ ਕੇ ਕਿਤੇ ਕਦੇ ਨਾ ਕਦੇ ਸੱਚੜੇ ਗੁਰਮਤਿ ਮਾਰਗ ਤੇ ਲਿਆਇ ਕੇ ਅਤੇ ਸਚੜੇ ਨਾਮ ਦੀ ਖ਼ੈਰ ਪਾ ਕੇ ਸੱਚੇ ਦਰਸ਼ਨਾਂ ਦੇ ਪਾਤਰ ਅਧਿਕਾਰੀ ਬਣਾਏਗਾ । ਕਿਉਂਕਿ ਓੜਕ ਤਿਨ੍ਹਾਂ ਮੁਤਲਾਸ਼ੀਆਂ ਦੀ ਭਾਲ ਟੋਲ ਤਲਾਸ਼ ਤਾਂ ਰੱਬ ਦੀ ਅਤੇ ਰੱਬ ਦੇ ਦਰਸ਼ਨ ਦੀ ਹੀ ਰਹੀ ਹੈ, ਚਾਹੇ ਕਰੂਰ ਕਰੰਮੀ ਕਰ ਕੇ ਤਿਨ੍ਹਾਂ ਨੂੰ ਹੁਣ ਤਾਈਂ ਸੱਚਾ ਮਾਰਗ ਨਹੀਂ ਸੀ ਮਿਲਿਆ ਰੱਬ ਦੇ ਦੀਦਾਰ ਮੁਕੱਦਸੀ ਯਾਫ਼ਤ ਦਾ, ਪਰ ਇਨ੍ਹਾਂ ਦਾ ਮਨੋਰਥ ਸਾਫ਼ ਅਤੇ ਪਾਕ ਹੋਣ ਕਰਕੇ ਤਿਨ੍ਹਾਂ ਨੂੰ ਇਕ ਦਿਨ ਨੇੜੇ ਦੂਰ ਨੂਰ ਜ਼ਹੂਰੀ ਹਜ਼ੂਰੀ ਵਾਲੀ ਸੱਚੜੀ ਮਾਅਰਫ਼ਤ ਜ਼ਰੂਰ ਪ੍ਰਾਪਤਿ ਹੋਵੇਗੀ । ਪਰ ਹੋਵੇਗੀ ਗੁਰੂ ਨਾਨਕ ਦਰਸਾਏ ਮਾਰਗ ਤੇ ਚੱਲ ਕੇ, ਗੁਰਮਤਿ ਮਾਰਗ ਦੇ ਸੱਚੇ ਮਾਰਗੀ ਬਣ ਕੇ । ਖਲੜੀ ਖਪਰੀ ਲਕੜੀ, ਚਮੜੀ, ਸਿਖਾ ਸੂਤ ਧੋਤੀ ਵਾਲੀ ਧਾਰਨਾ ਭਾਵੇਂ ਉਨ੍ਹਾਂ ਰਹਿਤ ਕੁਰਹਿਤੀ ਭੇਖ ਭਗਤੀ ਧਾਰਨਾ ਹੀ ਕੀਤੀ ਹੈ, ਪਰ ਕੀਤੀ ਪਰਮਾਰਥ ਵਾਸਤੇ ਹੀ ਹੈ । ਕਿਸੇ ਸੁਆਰਥ ਖ਼ਾਤਰ ਸ੍ਵਾਂਗ ਨਹੀਂ ਧਾਰਿਆ । ਪਰ ਸੱਚੇ ਪਾਤਸ਼ਾਹ ਨੇ ਕਿਸੇ ਜਾਤਿ ਦੇ ਵਿਤਕਰੇ ਆਦਿ ਯਾ ਕਿਸੇ ਸ੍ਵਾਂਗ ਤੇ ਨਹੀਂ ਰੀਝਣਾ, ਰੀਝਣਾ ਓੜਕ ਸਿਦਕ ਸ਼ਰਧਾ ਉਪਰ ਹੀ ਹੈ । ਸੱਚੀ ਸਿਦਕ ਸ਼ਰਧਾ ਵਾਲਿਆਂ ਨੂੰ ਗੁਰੂ ਕਰਤਾਰ ਤ੍ਰੁੱਠ ਕੇ ਸਿੱਧਾ ਰਸਤਾ, ਸਿੱਧਾ ਪਰਮਾਰਥੀ ਮਾਰਗ ਦਿਖਾਏਗਾ, ਪਰ ਜ਼ਰੂਰ ਦਿਖਾਏਗਾ ਅਤੇ ਇਕ ਦਿਨ ਆਪਣੀ ਨਦਰ ਮੇਹਰ ਦੀ ਬਰਖਾ ਬਰਖਾਏਗਾ । ਬਥੇਰੇ ਅਜੇਹੇ ਭੁਲੜ ਲੋਕ ਗੁਰੂ ਨਾਨਕ ਦੇ ਦੁਆਰੇ ਆ ਗਏ ਹਨ । ਬਾਕੀ ਰਹਿੰਦੇ ਭੀ ਸਾਰੇ ਹੀ ਆ ਜਾਣਗੇ । ਬੋਲਹੁ ਭਾਈ ਵਾਹਿਗੁਰੂ !

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥
ਜੁਗ ਜੁਗ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ਰਹਾਉ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤ ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ ॥੪॥੯॥੬੧॥

(ਮਹਲਾ ੪ ਰਾਗ ਆਸਾ ਘਰ ੬, ਪੰਨਾ ੩੬੮)

ਇਸ ਗੁਰਵਾਕ ਦੁਆਰਾ ਜੋਗੀਆਂ ਆਦਿਕਾਂ ਦੇ ਮਨਮਤਿ ਹਠ-ਕਰਮਾਂ ਨੂੰ ਖੰਡਨ ਕਰਕੇ ਸੱਚੀ ਗੁਰਮਤਿ ਯੋਗ ਸਾਧਨਾ ਵਾਲੇ ਕਰਮ ਦੀ ਵਿਲੱਖਣਤਾ ਨੂੰ ਸਪੱਸ਼ਟ ਕਰ ਕੇ ਦ੍ਰਿੜ੍ਹਾਇਆ ਗਿਆ ਹੈ । ਜਿਹੜੀ ਕਿੰਗਰੀ ਦੀ ਤਾਰ-ਤੰਤੀ ਨੂੰ, ਤੂੰ ਹੇ ਜੋਗੀ ਹੱਥਾਂ ਕਰਕੇ ਬਜਾਉਂਦਾ ਹੈਂ, ਇਸ ਵਿਚੋਂ ਬੇ-ਅਸਰੀ, ਥੋਥੀ ਅਤੇ ਬੇ-ਸਿਰ-ਪੈਰੀ ਬੇਸ਼ਕ ਬੇਣ ਵਾਲੀ ਤੰਤੀ ਕਿੰਗਰੀ ਹੀ ਵੱਜਦੀ ਹੈ । ਇਸ ਤੰਤੀ ਵਜਾਉਣ ਦੇ ਥਾਉਂ ਹੇ ਜੋਗੀ ! ਗੁਰਮਤਿ ਹਰਿ ਗੁਣ ਬੋਲਹੁ । ਗੁਰੂ ਦੀ ਮਤਿ ਗੁਰ-ਦੀਖਿਆ ਲੈ ਕੇ ਸਿਫਤਿ ਸਲਾਹ ਕਰੋ ਅਤੇ ਗੁਰਮਤਿ ਨਾਮ ਨੂੰ ਜਪਹੁ । ਇਸ ਮਨੂਏ ਨੂੰ ਵਾਹਿਗੁਰੂ ਦੇ ਰੰਗਾਂ ਵਿਚਿ ਰੰਗੀਜਣ (ਭਿਉਣ) ਦਾ ਇਹੀ ਇਕੋ ਇਕ ਤ੍ਰੀਕਾ ਹੈ । ਹੇ ਜੋਗੀ ! ਇਉਂ ਹਰਿ ਰੰਗਾਂ ਵਿਚਿ ਭਿੱਜ ਕੇ ਫੇਰ ਹੋਰਨਾਂ ਨੂੰ ਹਰਿ ਮਤਿ ਦਾ ਉਪਦੇਸ ਦੇਵਹੁ । ਪ੍ਰਿਥਮੇ



www.AKJ.Org

ਆਪਣੇ ਮਨ ਨੂੰ ਪਰਬੋਧ ਕੇ ਫੇਰ ਅਵਰਾਂ ਨੂੰ ਰੀਝਾਵਹੁ । ਹੇ ਜੋਗੀਓ ! ਤੁਸੀ ' ਜੋ ਸ਼ਿਵਜੀ ਗੋਰਖ ਵਾਲੀ ਅਲਪੱਗ ਆਦੇਸ ਆਲੱਖ ਜਗਾ ਕੇ ਪ੍ਰਸਪਰ ਨਮਸਕਾਰ ਕਰਦੇ ਹੋ, ਜੋਗੀਆਂ ਦੇ ਤਰੀਕੇ ਵਾਲਾ ਪਰਣਾਮ ਕਰਦੇ ਹੋ, ਸਾਡੀ (ਗੁਰਮਤਿ ਦੀ) ਆਦੇਸ ਓਸੇ ਇਕ ਅਕਾਲ ਪੁਰਖ ਨੂੰ ਹੈ, ਜੋ ਜੁਗਾਂ ਜੁਗੰਤਰਾਂ ਵਿਖੇ ਸਾਰੇ ਤੇ ਸਾਰਿਆਂ ਵਿਚਿ ਸਮਸਰ ਸਮਾਨ ਹੀ ਵਰਤਦਾ ਆਇਆ ਹੈ ਅਤੇ ਸਦਾ ਇਕ ਸਮਾਨ ਹੀ ਵਰਤਦਾ ਰਹੇਗਾ । ਅਸੀਂ ਸ਼ਿਵਜੀ ਗੋਰਖ ਆਦਿਕ ਅਲਪੱਗ ਅਵਤਾਰਾਂ ਨੂੰ, ਸਮੇਂ ਸਮੇਂ ਸਿਰ ਬਦਲਦੇ ਅਵਤਾਰਾਂ ਨੂੰ ਨਹੀਂ ਮੰਨਦੇ । ਅਸੀਂ ਤਾਂ ਇਕ-ਰਸ ਰਹਿਣ ਵਾਲੇ ਆਦਿ ਜੁਗਾਦੀ ਅਤੇ ਈਸ਼੍ਵਰ ਪ੍ਰਮਾਤਮਾ ਨੂੰ ਪਰਣਾਮ ਆਦੇਸ ਕਰਦੇ ਹਾਂ ।

ਅਗਲੀਆਂ ਤੁਕਾਂ ਅੰਦਰਿ ਭਗਤਿ (ਰਾਸ) ਪਾਉਣ ਵਾਲੇ ਭਗਤੀਆਂ ਜੰਗਮਾਂ ਨੂੰ ਉਪਦੇਸ਼ ਕਰਦੇ ਹਨ, ਜੋ ਭਾਂਤਿ ਭਾਂਤਿ ਦਾ ਰਾਗ ਅਲਾਪਦੇ ਹਨ ਅਤੇ ਭਾਂਤ ਭਾਂਤ ਦੀਆਂ ਬੋਲੀਆਂ ਬੋਲਦੇ ਹਨ । ਤਿਨ੍ਹਾਂ ਪ੍ਰਤੀ ਫੁਰਮਾਉਂਦੇ ਹਨ ਕਿ ਰਾਗ ਤਾਂ ਗਾਉਂਦੇ ਹੋ ਅਤੇ ਬਹੁ ਭਾਂਤੀਆਂ ਬੋਲੀਆਂ ਭੀ ਬੋਲਦੇ ਹੋ, ਪਰ ਤੁਸਾਡੇ ਮਨ ਤਾਂ ਹੋਰ ਹੀ ਖੇਡਾਂ ਖੇਡਦੇ ਫਿਰਦੇ ਹਨ । ਹੋਰ ਹੋਰ ਹੀ ਤ੍ਰਿਸ਼ਨਾਲੂ ਸੰਕਲਪਾਂ ਵਿਕਲਪਾਂ ਦੀਆਂ ਧਾਵਣੀਆਂ ਧਾਵੰਦੇ ਫਿਰਦੇ ਹਨ । ਜਿਸ ਪ੍ਰਕਾਰ, ਖੂਹ ਤਾਂ ਇਸ ਲਈ ਜੋਂਦੇ ਹਨ ਕਿ ਖੇਤੀ ਨੂੰ ਪਾਣੀ ਮਿਲੇ, ਜਿਸ ਕਰਕੇ ਖੇਤੀ ਹਰੀ ਹੋ ਜਾਏ । ਪਰ ਜੇ ਖੂਹ ਜੋਏ ਬਲਦਾਂ ਨੂੰ ਕਾਬੂ ਵਿਚਿ ਨਾ ਰਖਿਆ ਜਾਏ ਤਾਂ ਬਲਦ ਹੀ ਵੇਲਾਂ ਨੂੰ ਖਾ ਜਾਂਦੇ ਹਨ ਅਤੇ ਖੂਹ ਜੋਣ ਦਾ ਸਾਰਾ ਆਹਰ ਮਨੋਰਥ ਹੀ ਬਿਰਥਾ ਜਾਂਦਾ ਹੈ । ਏਸੇ ਪ੍ਰਕਾਰ ਜੇ ਮਨ ਰੂਪੀ ਬਲਦ ਜੇ ਵਸ ਵਿਚਿ ਨਾ ਆਵੇ ਅਤੇ ਏਕਾਗਰ ਨਾ ਹੋਵੇ, ਉਤੋਂ ਉਤੋਂ ਰਾਗ ਨਾਦ ਕੀਤਾ ਕਾਰਗਰ ਨਹੀਂ ਹੁੰਦਾ । ਹੇ ਜੋਗੀਓ ! ਰਾਗ ਨਾਦੀਓ ! ਕਾਇਆਂ ਨਗਰੀ ਦੀ ਬਸੁਧਾ ਧਰਤੀ ਅੰਦਰਿ ਗੁਰਮਤਿ ਨਾਮੁ ਰੂਪੀ ਬੀਜ ਨੂੰ ਬੋ ਕੇ ਉਸ ਦੀ ਅਭਿਆਸ ਕਮਾਈ ਵਾਲਾ ਕਰਮ ਗਹਿ ਕੇ ਕਮਾਵਹੁ । ਤਦ ਇਸ ਹਿਰਦੇ ਰੂਪੀ ਕਾਇਆਂ ਭੂਮੀ ਅੰਦਰਿ ਅੰਮ੍ਰਿਤ ਰਸ ਨਾਮ ਦਾ ਜੋਤਿ-ਖਿੜਨੀ ਫਲ ਉਗਵੇਗਾ (ਜੰਮੇਗਾ) ਜਿਸ ਕਰਕੇ ਕਾਂਇਆ ਸਰੀਰ ਰੂਪੀ ਖੇਤ ਸਦਾ ਹਰਿਆ ਭਰਿਆ ਜੋਤਿ ਵਿਗਾਸ ਵਿਗਸਾਇਆ, ਰਸ-ਰਸਾਇਆ ਰਹੇਗਾ । ਇਸ ਬਿਧਿ ਗੁਰਮਤਿ ਸਿੰਚਨੀ ਸਿੰਚਹੁ ਕਾਇਆ-ਨਗਰ ਭੂਮੀ ਬਸੁਧਾ ਨੂੰ ਮਨ ਰੂਪੀ ਬੈਲ ਨੂੰ ਅਸਥਿਰ ਕਰ ਕੇ ਗੁਰਮਤਿ ਨਾਮ ਜਾਪ ਵਿਚਿ ਜੋੜੋ । ਜਿਉਂ ਜਿਉਂ ਜੋੜੋਗੇ ਤੇ ਜੋੜ ਜੋੜ ਅਭਿਆਸ ਕਰੀ ਜਾਵੋਗੇ, ਤਿਉਂ ਤਿਉਂ ਹੋਰ ਤੋਂ ਹੋਰ ਅਸਚਰਜ ਰੰਗ ਖਿੜਨਗੇ ।

ਗੁਰੂ ਸੱਚੇ ਪਾਤਿਸ਼ਾਹ ਫੇਰ ਇਨ੍ਹਾਂ ਜੋਗੀਆਂ ਜੰਗਮਾਂ ਦੀ ਤਰਸ ਜੋਗ ਦਸ਼ਾ ਤੇ ਰਹਿਮ ਕਰਕੇ ਇਉਂ ਸਨਮੁਖ ਪ੍ਰਾਰਥਨਾ ਵਾਹਿਗੁਰੂ ਅੱਗੇ ਕਰਦੇ ਹਨ--ਹੇ ਵਾਹਿਗੁਰੂ ! ਏਹ ਜੋਗੀ ਜੰਗਮ ਸਭ ਤੇਰੀ ਹੀ ਸਾਜੀ ਸ੍ਰਿਸ਼ਟੀ ਵਿਚੋਂ ਤੇਰੇ ਹੀ ਸਾਜੇ ਹੋਏ ਜੀਵ ਹਨ । ਜਿਵੇਂ ਤੁਸੀਂ ਏਹਨਾਂ ਨੂੰ ਮਤੀਂ ਦੇਵਹੁਗੇ ਤਿਵੇਂ ਹੀ ਚਲਣਗੇ । ਇਹਨਾਂ ਨੂੰ ਕਿਰਪਾ ਕਰਕੇ ਗੁਰਮਤਿ ਸੁਮਤੀ ਬਖਸ਼ੋ। ਸੱਚੀ ਸੁਮਤੀ ਬਖਸ਼ੋ, ਜਾਂ ਤੇ ਇਹ ਸਿੱਧੇ ਪਰਮਾਰਥੀ ਮਾਰਗ ਤੇ ਚਲਣ ਜੋਗੇ ਹੋ ਜਾਣ । ਹੇ ਗੁਰੂ ਨਾਨਕ ਸਾਹਿਬ ਦੇ ਪ੍ਰੀਤਮ ਪ੍ਰਭੂ ਪਿਆਰੇ ਅੰਤਰਜਾਮੀ ਵਾਹਿਗੁਰੂ ! ਆਪ ਇਹਨਾਂ ਦਾ ਮਨੂਆ ਪ੍ਰੇਰ ਕੇ ਆਪਣੀ ਓਰ, ਆਪਣੇ ਚਰਨਾਂ ਓਰ ਲਾਵਹੁ ਜਾਂ ਤੇ ਹੋਰਨਾਂ ਦੀ ਭੀ ਸੱਚੀ ਗਤੀ ਹੋਵੇ ।

ਇਹ ਜਾਚਨਾ ਗੁਰੂ ਸਾਹਿਬ ਦੀ ਕੀਤੀ ਹੋਈ ਬਿਰਥੀ ਨਹੀਂ ਜਾਵੇਗੀ । ਇਕ ਦਿਨ ਆਵੇਗਾ ਕਿ ਇਹ ਜੋਗੀ ਜੰਗਮ ਆਦਿਕ ਸਾਰੇ ਹੀ ਭੇਖ-ਕਰਮੀ ਮੁੜਿ ਮੁੜਿ ਕੇ ਗੁਰੂ ਸ਼ਰਨਾਗਤਿ ਆਉਣਗੇ ਅਤੇ ਗੁਰਮਤਿ ਨੂੰ ਮਤਿ ਕਰਕੇ ਗ੍ਰਹਿਣ ਕਰਨਗੇ ਅਤੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਿ ਕਰਿ ਤਰਨਗੇ । ਭਵਜਲ ਤੋਂ ਪਾਰ ਪਰਨਗੇ । ਬੋਲਹੁ ਭਾਈ ਵਾਹਿਗੁਰੂ !

✦✧✦



www.AKJ.Org

# ਰੰਗ-ਰੱਤੜੇ ਬਾਊ ਮੱਲ ਸਿੰਘ ਜੀ

*(ਲੜੀ ਜੋੜਨ ਲਈ 'ਸੂਰਾ' ਅਕਤੂਬਰ ੨੦੦੧ ਦੇਖੋ)*

## ਪਰਵਾਰ ਦੇ ਅੰਮ੍ਰਿਤ ਛਕਣ ਦਾ ਸਰੰਜਾਮ

ਬਾਊ ਜੀ ਪਰਵਾਰ ਸਮੇਤ ਭਾਈ ਸਾਹਿਬ ਦੇ ਸੰਗ ਨਾਰੰਗਵਾਲ ਨੂੰ ਚਲ ਪਏ । ਸਟੇਸ਼ਨ ਤੱਕ ਇਕ ਬੱਚਾ ਭਾਈ ਸਾਹਿਬ ਕੁੱਛੜ ਚੁੱਕੀ ਲਿਆਏ ਤੇ ਦੂਜਾ ਬਾਊ ਮੱਲ ਸਿੰਘ ਜੀ । ਗੱਡੀ ਚੜ੍ਹ ਕੇ ਨਾਰੰਗਵਾਲ ਪੁੱਜ ਗਏ । ਸ੍ਰੀਮਾਨ ਬਾਊ ਜੀ ਦੀ ਇਹ ਵੀ ਖਾਹਿਸ਼ ਸੀ ਕਿ ਉਨ੍ਹਾਂ ਦੇ ਰਸਾਲੇ ਦੇ ਹੈੱਡ ਕਲਰਕ ਸ: ਮਾਨ ਸਿੰਘ ਜੀ, ਜੋ ਬੜੇ ਗੁਰਮੁਖ ਪਿਆਰੇ ਹਨ, ਉਨ੍ਹਾਂ ਦਾ ਸਭ ਤੋਂ ਛੋਟਾ ਲੜਕਾ ਹਰਿਬਚਨ ਸਿੰਘ ਭੀ ਬਾਊ ਜੀ ਦੇ ਪਰਵਾਰ ਦੇ ਨਾਲ ਹੀ ਜਹਾਜ਼ੇ ਚੜ੍ਹੇ । ਇਹ ਨੌਜਵਾਨ ਭੁਜੰਗੀ ਪ੍ਰਮਾਰਥ ਵਲੋਂ ਨਿਘਰਦੀ ਕਲਾ ਵਿੱਚ ਜਾ ਰਿਹਾ ਸੀ । ਇਥੇ ਇਹ ਦੱਸਣਾ ਭੀ ਜ਼ਰੂਰੀ ਹੈ ਕਿ ਜਿਥੇ ਸ: ਮਾਨ ਸਿੰਘ ਜੀ ਦੇ ਪਰਵਾਰ ਦੇ ਸਾਰੇ ਜੀਅ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਨਿਤਾਪ੍ਰਤ ਜੁੜਦੇ, ਨਿਤਨੇਮ ਕਰਦੇ ਅਤੇ ਦਰਸ਼ਨਾਂ ਤੋਂ ਬਿਨਾਂ ਅਨ-ਜਲ ਤੱਕ ਭੀ ਪਾਨ ਨਾ ਕਰਦੇ, ਉਥੇ ਇਹ ਭੁਜੰਗੀ ਉਲਟਾ ਪ੍ਰਮਾਰਥ ਨੂੰ ਟਿਚਰਾਂ ਕਰਦਾ । ਸ: ਮਾਨ ਸਿੰਘ ਜੀ ਨੇ ਇਸਨੂੰ ਖ਼ਾਲਸਾ ਕਾਲਿਜ ਸ੍ਰੀ ਅੰਮ੍ਰਿਤਸਰ ਵਿਖੇ ਇਸ ਖ਼ਿਆਲ ਨਾਲ ਪੜ੍ਹਨੇ ਪਾਇਆ ਸੀ ਕਿ ਉਥੇ ਗੁਰਸਿੱਖੀ ਦੇ ਵਾਯੂ ਮੰਡਲ ਵਿੱਚ ਇਹ ਬਦਲ ਜਾਏਗਾ । ਪਰ ਇਹ ਉਥੋਂ ਉਲਟਾ ਨਾਸਤਕ ਬਣ ਕੇ ਨਿਕਲਿਆ । ਸ: ਮਾਨ ਸਿੰਘ ਜੀ ਆਪਣੇ ਸਾਰੇ ਪਰਵਾਰ ਸਮੇਤ ਨਿਤਾਪ੍ਰਤ ਇਹ ਅਰਦਾਸਾਂ ਕਰਦੇ, "ਹੇ ਸੱਚੇ ਪਾਤਸ਼ਾਹ, ਸਾਡੇ ਇਸ ਬੱਚੇ ਨੂੰ ਪ੍ਰਮਾਰਥ ਵੱਲ ਮੋੜ ਅਤੇ ਗੁਰਮਤਿ ਦਾ ਪਾਂਧੀ ਬਣਾ ।" ਚੂੰਕਿ ਸ੍ਰੀਮਾਨ ਬਾਊ ਜੀ ਦਾ ਸ: ਮਾਨ ਸਿੰਘ ਨਾਲ ਗੁਰਸਿੱਖੀ ਦਾ ਬਹੁਤ ਪਿਆਰ ਸੀ ਅਤੇ ਉਨ੍ਹਾਂ ਦੇ ਘਰ ਆਉਣ ਜਾਣ ਤੇ ਗੂੜ੍ਹਾ ਮਿਲਾਪ ਸੀ, ਇਸ ਕਰਕੇ ਨੌਜੁਆਨ ਭੁਜੰਗੀ ਹਰਿਬਚਨ ਸਿੰਘ ਦਾ ਗੁਰਮਤੀ ਜੀਵਨ ਤੋਂ ਥਿੜਕੇ ਹੋਣਾ ਬਾਊ ਜੀ ਨੂੰ ਭੀ ਰੜਕਦਾ ਰਹਿੰਦਾ ਸੀ ।

ਸੋ, ਨਾਰੰਗਵਾਲ ਫੈਸਲਾ ਇਹ ਹੋਇਆ ਕਿ ਅਗਲੇ ਹਫਤੇ ਅੰਬਾਲੇ ਛਾਉਣੀ ਗੁਰਦੁਆਰੇ ਵਿਖੇ ਸ੍ਰੀ ਅਖੰਡ ਪਾਠ ਸਮਾਗਮ ਰਚਿਆ ਜਾਵੇ । ਇਸ ਦੇ ਭੋਗ ਪੈਣ ਤੇ ਉਥੇ ਅੰਮ੍ਰਿਤ-ਸੰਚਾਰ ਸਮਾਗਮ ਹੋਵੇ ।

ਮਾਨਯੋਗ ਬਾਊ ਜੀ ਪਰਵਾਰ ਸਮੇਤ ਆਪਣੇ ਰਸਾਲੇ ਵਿੱਚ ਅੰਬਾਲੇ ਛਾਉਣੀ ਬਾਜ਼ਾਰ ਦੇ ਗੁਰਦੁਆਰੇ ਵਿਖੇ ਸਮਾਗਮ ਦਾ ਸਾਰਾ ਪਰਬੰਧ ਕੀਤਾ ਗਿਆ । ਸ੍ਰੀਮਾਨ ਭਾਈ ਸਾਹਿਬ ਜੀ ਸਾਰਾ ਜੱਥਾ ਲੈ ਕੇ ਵਕਤ ਸਿਰ ਪੁੱਜ ਗਏ । ਬਾਬਾ ਰਾਮ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਭਾਈ ਅਰਜਨ ਸਿੰਘ ਜੀ ਅਤੇ ਹੋਰ ਕਈ ਗੁਰਮੁਖ ਪਿਆਰੇ ਵੀ ਪੁੱਜ ਗਏ ।

ਭਾਵੇਂ ਭੁਜੰਗੀ ਹਰਿਬਚਨ ਸਿੰਘ ਉਤੇ ਓਪਰਾ ਓਪਰਾ ਨਾਸਤਕ-ਪੁਣੇ ਦਾ ਰੰਗ ਚੜ੍ਹਿਆ ਹੋਇਆ ਸੀ, ਪਰ ਇਹ ਪਵਿੱਤਰ ਆਤਮਾ ਕਿਸੇ ਪੂਰਬਲੀ ਕਮਾਈ ਦੀ ਮਾਲਕ ਸੀ, ਜਿਸ ਦੇ ਪਰਫੁਲਤ ਹੋਣ ਦਾ ਅਵਸਰ ਹੁਣ ਆਣ ਬੱਝਾ ਸੀ । ਇਸ ਪ੍ਰਥਾਇ ਪੁਸਤਕ "ਰੰਗਲੇ ਸਜਣ" ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ "ਹੀਰਾ ਹਰਿਬਚਨ ਸਿੰਘ" ਦੇ ਪਰਸੰਗ ਵਿੱਚ ਲਿਖਦੇ ਹਨ :

"ਸ੍ਰੀ ਅਖੰਡ ਪਾਠ ਆਰੰਭ ਹੋਣ ਤੋਂ ਪਹਿਲਾਂ ਅਜਿਹਾ ਕਲਾ-ਕ੍ਰਿਸ਼ਮੀ ਕੀਰਤਨ ਹੋਇਆ, ਜਿਸ ਦੀ ਸਰੋਤ ਦਾ ਫਟਿਆ



www.AKJ.Org

ਹੋਇਆ ਇਹ ਪੰਖਣੂ ਹੀਰਾ ਹਰਿਬਚਨ ਸਿੰਘ ਕੀਰਤਨ-ਮੰਡਲ ਤੋਂ ਬਾਹਰ ਹੀ ਚਕੜਾ ਮਾਰ ਬਠਾ

ਅੱਗੇ ਭਾਈ ਸਾਹਿਬ ਲਿਖਦੇ ਹਨ : "ਬੱਸ, ਫਿਰ ਉਠਣ ਦੀ ਸੋਝੀ ਨਹੀਂ ਰਹੀ । ਨਿਰੰਕਾਰੀ, ਮੀਰ ਸ਼ਿਕਾਰੀ, ਉਪਕਾਰੀ ਵੀਰ ਬਾਊ ਮੱਲ ਸਿੰਘ ਜੀ ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁੱਕ ਉਠਾ ਕੇ ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ । ਨੀਰੋ ਨੀਰ ਹੋਏ ਇਸ ਨਵਲ ਵੈਰਾਗੀ ਵੀਰ ਨੂੰ ਕੀਰਤਨ-ਪ੍ਰੇਮੀ-ਜਨਾਂ ਨੇ ਪ੍ਰੇਮ-ਚਾਬਕ ਹੋਰ ਵੀ ਕੱਸ ਕੱਸ ਲਾਏ । ਬੱਸ, ਸਾਰੇ ਕੀਰਤਨ ਵਿੱਚ ਉਠਣੇ ਨਹੀਂ ਪਾਏ । ਉਠੇ ਨਹੀਂ, ਹਿਲੇ ਨਹੀਂ, ਜੰਮਕੇ ਨਹੀਂ । ਪ੍ਰਮਾਰਥ ਸਬੰਧੀ ਸੌ ਸੌ ਹੁਜਤਾਂ ਕਰਨ ਵਾਲੇ ਵੀਰ ਹਰਿਬਚਨ ਸਿੰਘ ਜੀ ਅੱਜ ਕਿਸੇ ਅਨੂਠੜੀ ਬੰਧਨਾ ਵਿੱਚ ਬੰਧੀਜੇ ਹੋਏ, ਲੱਟੂ ਹੋਏ ਬੈਠੇ ਹਨ । ਅਖੰਡ ਕੀਰਤਨ ਦਾ ਭੋਗ ਪੈ ਗਿਆ । ਸਾਰੇ ਅਖੰਡ ਪਾਠ ਦੀ ਅੰਮ੍ਰਿਤ ਵਰਖਾ ਦਿਨ ਰਾਤ ਹੁੰਦੀ ਰਹੀ ।"

ਅਖੰਡ ਪਾਠ ਬੜੇ ਰੰਗਾਂ ਵਿੱਚ ਹੋਇਆ । ਉਸ ਵੇਲੇ ਇਹ ਮਰਿਆਦਾ ਜੱਥੇ ਦੀ ਹੁੰਦੀ ਸੀ ਕਿ ਜਾਂ ਤਾਂ ਸਾਰੇ ਸੱਜਣ ਆਪ ਪਾਠ ਕਰਦੇ ਸਨ ਜਾਂ ਸੁਣਦੇ ਸਨ ਜਾਂ ਲੰਗਰ ਵਿੱਚ ਸੇਵਾ ਕਰਦੇ ਸਨ । ਹੋਰ ਕੋਈ ਗੱਲ-ਬਾਤ ਕਰਨ ਦਾ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ। ਸਾਰਾ ਵਕਤ ਖੂਬ ਨਾਮ-ਰੰਗਾਂ ਵਿੱਚ ਗੁਜਰਦਾ ਸੀ । ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਉਥੇ ਹੀ ਪੰਜਾਂ ਪਿਆਰਿਆਂ ਦੀ ਚੋਣ ਹੋਈ । ਅੰਮ੍ਰਿਤ-ਬਾਟਾ ਤਿਆਰ ਹੋ ਗਿਆ । ਬੀਬੀ ਜੀ ਦੇ ਪਿਛੋਂ ਹਰਿਬਚਨ ਸਿੰਘ ਜੀ ਦੀ ਵਾਰੀ ਆਈ । 'ਅੰਮ੍ਰਿਤ-ਬੂੰਦਾਂ ਦੇ ਦਿੱਬ-ਸੰਚਾਰੀ ਛੱਟੇ ਜਦੋਂ ਨੈਣਾਂ ਤੇ ਪਏ, ਬਸ, ਅੰਮ੍ਰਿਤ ਛਕਣ ਸਾਰ ਹੀ ਦਿਬ-ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿਬ-ਦੀਦਾਰੇ ਹੋ ਗਏ । ਉਚੀ ਉਚੀ ਸਿਮਰਨ ਚਲ ਰਿਹਾ ਸੀ ਤੇ ਬੇ-ਸੁਧ ਹੋ ਗਏ ।" ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ਬਿਆਨ ਕੀਤੀ ਦਸ਼ਾ ਵਾਪਰ ਰਹੀ ਸੀ :

**ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ**
**ਬੁਧਿ ਕੀ ਨ ਬੁਧਿ ਰਹੀ ਮਤਿ ਮੈ ਨ ਮਤਿ ਹੈ ॥**
**ਸੁਰਤਿ ਮੈ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋ**
**ਗਯਾਨ ਮੈ ਨ ਗਯਾਨ ਰਹਯੋ ਗਤਿ ਮੈ ਨ ਗਤਿ ਹੈ ॥**
**ਧੀਰਜ ਕੋ ਧੀਰਜ, ਗਰਬ ਕੋ ਗਰਬ ਗਯੋ**
**ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ ॥**
**ਅਦਭੁਤ ਪਰਮਦਭੁਤ ਬਿਸਮੈ ਬਿਸਮ**
**ਅਸਚਰਜੈ ਅਸਚਰਜ ਅਤਿ ਅਤਿ ਹੈ ॥੧॥੯॥**

**(ਭਾਈ ਗੁਰਦਾਸ ਜੀ, ਕਬਿੱਤ ਸਵੱਈਏ)**

ਉਨ੍ਹਾਂ ਨੂੰ ਮਾਨਯੋਗ ਬਾਊ ਜੀ ਨੇ ਫੜ ਕੇ ਉਸੇ ਰੰਗ ਵਿੱਚ ਇਕ ਪਾਸੇ ਬਿਠਾ ਦਿੱਤਾ, ਜਿਥੇ ਉਹ ਸਾਰੀ ਰਾਤ ਉਸੇ ਜਗ੍ਹਾ ਨਾਮ-ਖੰਡਾ ਖੜਕਾਉਂਦੇ ਰਹੇ । ਸ੍ਰੀਮਾਨ ਬਾਊ ਜੀ ਉਨ੍ਹਾਂ ਦੇ ਪਾਸ ਹੀ ਆਰਾਮ ਕਰ ਰਹੇ ਸਨ ਤੇ ਅੰਮ੍ਰਿਤ ਵੇਲੇ ਉਨ੍ਹਾਂ ਨੂੰ ਨਾਲ ਲੈ ਕੇ ਇਕੱਠਾ ਹੀ ਇਸ਼ਨਾਨ ਤੇ ਨਿੱਤਨੇਮ ਕੀਤਾ । ਇਹ ਜਨਮ ਤੋਂ ਹੀ ਬੜੀ ਪਵਿੱਤਰ ਆਤਮਾ ਸਨ ਤੇ ਪਿਛੋਂ ਕੀਰਤਨ-ਸਮਾਗਮਾਂ ਵਿੱਚ ਕਈ ਵਾਰ ਦੇਖਿਆ ਗਿਆ ਕਿ ਇੰਨ੍ਹਾਂ ਦੀ ਦਸਮ ਦੁਆਰ ਦੀ ਖੇਡ ਵਾਪਰਨ ਕਰਕੇ, ਇੰਨ੍ਹਾਂ ਦੀ ਸੁਰਤਿ ਅਨੂਠੇ ਰੰਗਾਂ ਦੇ ਖੇੜੇ ਮਾਣਦੀ ਸੀ । ਇਕ ਵਾਰ ਰਾਵਲਪਿੰਡੀ ਵਿਖੇ ਬੀਬੀ ਇੰਦਰ ਕੌਰ ਜੀ ਦੇ ਘਰ ਕੀਰਤਨ-ਸਮਾਗਮ ਸੀ । ਆਪ ਵਾਜੇ ਤੇ ਸਬਦ ਪੜ੍ਹਨ ਲੱਗੇ । ਅਜੇ ਇਤਨੀ ਤੁਕ ਹੀ ਪੜ੍ਹੀ :



www.AKJ.Org

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥ (ਜੈਤਸਰੀ ਮ: ੫ ਛੰਤ, ਪੰਨਾ ੭੦੩)

ਬੱਸ, ਵਾਜੇ ਤੇ ਉਂਗਲਾਂ ਉਥੇ ਹੀ ਰਹਿ ਗਈਆਂ, ਸੁਰਤੀ ਚੜ੍ਹ ਗਈ, ਬੇਸੁਧ ਹੋ ਗਏ ।ਉਥੇ ਲੇਟ ਗਏ ਤੇ ਸਾਰੀ ਰਾਤ ਉਥੇ ਹੀ ਗੁਜ਼ਾਰੀ । ਇਹੋ ਸਨ ਗੁਰਮੁਖ ਪਿਆਰੇ ਸੂਬੇਦਾਰ ਹਰਿਬਚਨ ਸਿੰਘ ਜੀ ।

## ਅੰਬਾਲੇ ਛਾਉਣੀ ਵਿਖੇ ਅਲੌਕਿਕ ਰੰਗ

ਇਸ ਸਮਾਗਮ ਤੋਂ ਪਿਛੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਬਚਨ ਕੀਤਾ ਕਿ ਬਾਊ ਜੀ ਦੇ ਰਸਾਲੇ ਦੇ ਗੁਰਦੁਆਰੇ ਵਿੱਚ ਸ੍ਰੀ ਅਖੰਡ ਪਾਠ ਰਖਿਆ ਜਾਵੇ । ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਹੋਏ ਅਤੇ ਸ੍ਰੀ ਅਖੰਡ ਪਾਠ ਆਰੰਭ ਹੋਏ। ਦੂਜੇ ਦਿਨ ਸ਼ਾਮ ਦੇ ਵਕਤ ਸਾਰੇ ਗੁਰਮੁਖ ਪਿਆਰੇ ਪਾਠ ਸੁਣ ਰਹੇ ਸਨ ਤੇ ਸਿਮਰਨ ਕਰ ਰਹੇ ਸਨ । ਸ੍ਰੀਮਾਨ ਬਾਊ ਜੀ ਭਾਈ ਸਾਹਿਬ ਜੀ ਦੇ ਪਾਸ ਬੈਠੇ ਰੰਗ ਮਾਣ ਰਹੇ ਸਨ ਕਿ ਬਾਊ ਜੀ ਇਕ-ਦਮ ਖੰਡਾ ਉਚੀ ਉਚੀ ਖੜਕਾਉਣ ਲੱਗ ਪਏ ਅਤੇ ਆਪੇ ਤੋਂ ਬਾਹਰ ਹੋ ਗਏ । ਇਸ ਬੈਰਾਗ ਦਸ਼ਾ ਵਿੱਚ ਗੂੰਜਾਂ ਨੇ ਐਸਾ ਅਲੌਕਿਕ ਕ੍ਰਿਸ਼ਮਾ ਵਰਤਾਇਆ ਕਿ ਸੰਗਤ ਨੂੰ ਜਿਵੇਂ ਬਿਜਲੀ ਦਾ ਕਰੰਟ ਟੱਚ ਕਰ ਜਾਂਦਾ ਹੈ, ਅਤੇ ਸਾਰੀ ਸੰਗਤ ਹੀ ਉਚੀ ਉਚੀ ਜ਼ੋਰ ਜ਼ੋਰ ਨਾਲ ਸਿਮਰਨ ਕਰਨ ਲੱਗ ਪਈ । ਬਾਊ ਜੀ ਦੀ ਸੁਰਤੀ ਦਸਮ ਦੁਆਰ ਦੇ ਰੰਗ ਮਾਣ ਰਹੀ ਸੀ ਅਤੇ ਭਾਈ ਸਾਹਿਬ ਬੜੇ ਗਦ ਗਦ ਹੋ ਰਹੇ ਸਨ । ਬਾਊ ਜੀ ਨੂੰ ਆਪਣੀ ਗੋਦੀ ਵਿੱਚ ਲਿਟਾ ਲਿਆ ਤੇ ਮੁਖੋਂ ਇਹ ਕਹਿ ਰਹੇ ਸਨ ਕਿ ਸੁਹਾਗਣ ਸੁਹਾਗ ਮਾਣ ਰਹੀ ਹੈ । ਅਖੰਡਪਾਠੀ ਗੁਰਮੁਖ ਪਿਆਰੇ ਬੜੇ ਉਚੀ ਉਚੀ ਸੰਨ੍ਹ ਸੰਨ੍ਹ ਕੇ ਪਾਠ ਕਰ ਰਹੇ ਸਨ । ਸਾਰਾ ਮੰਡਲ ਹੀ ਐਸਾ ਬਣ ਗਿਆ ਜਿਸ ਨੂੰ ਦੱਸਣਾ ਅੱਖਰਾਂ ਵਿੱਚ ਮੁਸ਼ਕਿਲ ਹੈ । ਬੱਸ, ਸੱਚਖੰਡ ਹੀ ਬਣ ਗਿਆ । ਸਾਰੀ ਸੰਗਤ ਬਹੁਤ ਹੀ ਵੈਰਾਗ ਵਿੱਚ ਅਨੰਦ ਮਾਣ ਰਹੀ ਸੀ । ਦਾਸ ਉਨ੍ਹਾਂ ਦਿਨਾਂ ਵਿੱਚ ਸਤਵੀਂ ਜਮਾਤੇ ਪੜ੍ਹਦਾ ਸੀ ਤੇ ਛੁੱਟੀ ਲੈ ਕੇ ਉਥੇ ਗਿਆ ਹੋਇਆ ਸੀ । ਜਦੋਂ ਇਹ ਅਜਬ ਕੌਤਕ ਉਥੇ ਵਰਤ ਰਿਹਾ ਸੀ ਤਾਂ ਦਾਸ ਉਥੇ ਗੁਰਦੁਆਰੇ ਵਿੱਚ ਹਾਜ਼ਰ ਸੀ । ਮੈਂ ਛੋਟਾ ਹੋਣ ਕਰਕੇ ਕਦੇ ਇਹ ਨਜ਼ਾਰਾ ਦੇਖਿਆ ਨਹੀਂ ਸੀ । ਪਿਆਰੇ ਬਾਊ ਜੀ ਦੀ ਇਹ ਹਾਲਤ ਦੇਖ ਕੇ ਮੈਂ ਘਬਰਾ ਗਿਆ । ਦਾਸ (ਠਾਕਰ ਸਿੰਘ) ਦੇ ਬਾਊ ਜੀ ਚਾਚਾ ਜੀ ਹੋਣ ਕਰਕੇ, ਮਮਤਾ ਦਾ ਮਾਰਿਆ, ਭੱਜਾ ਭੱਜਾ ਘਰ ਪੁੱਜਾ ਅਤੇ ਬੀਬੀ ਜੀ ਨੂੰ ਦਸਿਆ ਕਿ ਚਾਚਾ ਜੀ ਹਾਲੋਂ ਬੇਹਾਲ ਹੋਏ ਪਏ ਹਨ ਅਤੇ ਭਾਈ ਸਾਹਿਬ ਜੀ ਨੇ ਉਨ੍ਹਾਂ ਦਾ ਸਿਰ ਆਪਣੀ ਗੋਦੀ ਵਿੱਚ ਲਿਆ ਹੋਇਆ ਹੈ । ਬੀਬੀ ਜੀ ਕਹਿਣ ਲੱਗੇ, "ਕਾਕਾ ਫਿਕਰ ਨਾ ਕਰ, ਇੰਨ੍ਹਾਂ ਦਾ ਇਹ ਹਾਲ ਤਾਂ ਮੈਂ ਰੋਜ਼ ਦੇਖਦੀ ਹਾਂ । ਪਹਿਲਾਂ ਪਹਿਲ ਮੈਂ ਵੀ ਬੜਾ ਘਬਰਾਂਦੀ ਸਾਂ, ਕਦੇ ਅੰਮ੍ਰਿਤ ਵੇਲੇ, ਕਦੀ ਸ਼ਾਮੀਂ, ਇਸੇ ਤਰ੍ਹਾਂ ਬੇਸੁਧ ਪਏ ਹੁੰਦੇ ਸਨ । ਮੈਂ ਸਾਵਧਾਨਤਾ ਉਡੀਕ ਉਡੀਕ ਕੇ ਸੌਂ ਜਾਂਦੀ ਸਾਂ । ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਠੀਕ ਹੋ ਜਾਂਦੇ ਸਨ । ਸੋ ਇਹ ਕੋਈ ਨਵੀਂ ਗੱਲ ਨਹੀਂ । ਦਿਨ ਰਾਤ ਭਜਨ ਕਰਦੇ ਹਨ । ਮੇਰਾ ਵਾਸਤਾ ਤਾਂ ਸਿਰਫ ਦੋ ਵਕਤ ਪਰਸ਼ਾਦ ਛਕਾਉਣ ਦਾ ਹੁੰਦਾ ਹੈ । ਕਿਸੇ ਵਕਤ ਵੀ ਕਿਸੇ ਨਾਲ ਗੱਲ ਨਹੀਂ ਕਰਦੇ । ਤੂੰ ਇਥੇ ਹੀ ਮੇਰੇ ਪਾਸ ਸੌਂ ਜਾ । ਸਵੇਰੇ ਜਾ ਕੇ ਗੁਰਦੁਆਰੇ ਮਿਲ ਲਵੀਂ ।"

ਅਗਲੇ ਦਿਨ ਸਵੇਰੇ ਜਦੋਂ ਮੈਂ ਗੁਰਦੁਆਰੇ ਪੁੱਜਾ ਤਾ ਮਾਨਯੋਗ ਬਾਊ ਜੀ ਭਾਈ ਸਾਹਿਬ ਜੀ ਦੇ ਪਾਸ ਬੜੇ ਅਨੰਦ ਵਿੱਚ ਬੈਠੇ ਸਨ ਤੇ ਆਸਾ ਦੀ ਵਾਰ ਦੇ ਕੀਰਤਨ ਵਿੱਚ ਗੜੂੰਦ ਹੋਏ ਰੰਗ ਮਾਣ ਰਹੇ ਸਨ । ਇਸੇ ਰੰਗ-ਰਤੀ ਅਵਸਥਾ ਵਿੱਚ ਉਸ ਦਿਨ ਉਨ੍ਹਾਂ ਨੂੰ ਰਸਾਲੇ ਦੀ ਪ੍ਰੇਡ ਤੇ ਜਾਣ ਦਾ ਖਿਆਲ ਹੀ ਭੁੱਲ ਗਿਆ । ਆਸਾ ਦੀ ਵਾਰ ਦੇ ਭੋਗ ਪੈਣ ਤੇ ਗੁਰੂ ਕਾ ਅਤੁੱਟ ਲੰਗਰ ਵਰਤਿਆ । ਮੈਂ ਪਹਿਲੀ ਵਾਰ ਵੇਖਿਆ ਕਿ ਦਾਲ ਬਹੁਤ ਹੀ ਸੁਆਦਲੀ ਸੀ । ਪਰ ਸਰਬਲੋਹ ਦੀ ਗਾਗਰ ਵਿੱਚ ਬਣੀ ਹੋਣ ਕਰਕੇ ਰੰਗ ਕਾਲਾ ਸੀ । ਇਸ ਤੋਂ ਪਿਛੋਂ ਬਾਊ ਜੀ ਨੇ ਭਾਈ ਸਾਹਿਬ ਜੀ ਨੂੰ ਸਾਰੇ ਜੱਥੇ ਦੇ ਨਾਲ ਬੜੇ ਆਦਰ-ਭਾਉ ਨਾਲ ਵਿਦਾ ਕੀਤਾ ।



www.AKJ.Org

# ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ

(੧) ਗੁਰੂ ਨਾਨਕ ਸਾਹਿਬ ਜੀ ਦਾ ਜੀਵਨ, ਸੰਸਾਰ ਦੇ ਸਾਹਮਣੇ, ਦੋ ਮੋਟੇ ਪਹਿਲੂ ਪੇਸ਼ ਕਰਦਾ ਹੈ । ਇਕ ਪਹਿਲੂ ਉਹ ਹੈ ਜਿਹੜਾ ਭਾਈ ਲਹਿਣਾ ਜੀ ਦੇ ਰਾਹੀਂ ਜਗਤ ਦੇ ਸਾਹਮਣੇ ਆਇਆ ਹੈ ਅਤੇ ਦੂਜਾ ਉਹ ਹੈ ਜੋ ਗੁਰੂ ਨਾਨਕ ਸਾਹਿਬ ਦੇ ਸਾਹਿਬਜ਼ਾਦਿਆਂ ਰਾਹੀਂ ਜਗਤ ਨੇ ਤੱਕਿਆ ਹੈ ।

(੨) ਗੁਰੂ ਨਾਨਕ ਸਾਹਿਬ ਜੀ ਜਦ ਭੀ ਸਾਹਿਬਜ਼ਾਦਿਆਂ ਨੂੰ ਕੋਈ ਕੰਮ ਕਰਨ ਦਾ ਹੁਕਮ ਦਿੰਦੇ ਤਾਂ ਸਾਹਿਬਜ਼ਾਦੇ ਆਪਣੀ ਅਕਲ ਦੀ ਮਦਦ ਨਾਲ, ਗੁਰੂ ਜੀ ਦੀ ਦੱਸੀ ਬਿਧੀ ਨਾਲੋਂ ਵੱਖਰੀ ਬਿਧੀ (ਜੋ ਦੁਨਿਆਵੀ ਕੋਨ ਤੋਂ ਸੁਖੱਲੀ ਅਤੇ ਠੀਕ ਮਹਿਸੂਸ ਹੁੰਦੀ ਹੋਵੇ) ਉਸ ਕੰਮ ਨੂੰ ਕਰਨ ਦਾ ਅੱਗੋਂ ਸੁਝਾਅ ਦੇਂਦੇ । ਬੱਚਿਆਂ ਵੱਲੋਂ ਆਪਣੇ ਹੁਕਮ ਦੀ ਟੀਕਾ-ਟਿੱਪਣੀ ਸੁਣ ਕੇ ਗੁਰੂ ਜੀ ਉਹੋ ਹੁਕਮ ਭਾਈ ਲਹਿਣਾ ਜੀ ਨੂੰ ਇੰਨ-ਬਿੰਨ ਸ਼ਬਦਾਂ ਵਿੱਚ ਦੁਹਰਾਉਂਦੇ । ਭਾਈ ਲਹਿਣਾ ਜੀ ਹੁਕਮ ਦਾ ਇਸ਼ਾਰਾ ਹੁੰਦਿਆਂ ਸਾਰ ਹੀ ਤੁਰਤ-ਫੁਰਤ ਅੱਖ ਦੇ ਫੁਰੋਕੇ ਵਿੱਚ ਸਤਿਗੁਰਾਂ ਦੇ ਹੁਕਮ ਦੀ ਤਾਮੀਲ ਸ਼ੁਰੂ ਕਰ ਦਿੰਦੇ । ਇਸ ਪ੍ਰਕਾਰ ਹੁਕਮ ਮੰਨ ਕੇ, ਗੁਰੂ ਜੀ ਦੀ ਖ਼ੁਸ਼ੀ ਪ੍ਰਾਪਤ ਕਰਦੇ । ਕਿਉਂਕਿ ਭਾਈ ਲਹਿਣਾ ਜੀ ਨੂੰ 'ਹੁਕਮਿ ਮੰਨੀਐ ਹੋਵੈ ਪਰਵਾਣੁ'' (੪੭੧) ਦੀ ਸਮਝ ਆ ਚੁੱਕੀ ਸੀ । ਇਹਨਾਂ ਨੇ ਸਤਿਗੁਰਾਂ ਦੇ ਹੁਕਮ ਦੀ ਕਦੇ ਭੀ ਫੋਲਾ-ਫਾਲੀ ਨਹੀਂ ਸੀ ਕੀਤੀ । ਸਗੋਂ ਫੋਲਾ-ਫਾਲੀ ਦਾ ਸੂਖਸ਼ਮ ਖ਼ਿਆਲ ਤਕ ਭੀ ਕਦੇ ਨਹੀਂ ਸੀ ਆਇਆ । ਕੇਵਲ ਹੁਕਮ ਮੰਨਣ ਨਾਲ ਹੀ ਸੰਬੰਧ ਰੱਖਿਆ ਹੋਇਆ ਸੀ ਅਤੇ ਉਹ ਭੀ ਆਪਣੇ ਧੰਨ ਭਾਗ ਸਮਝ ਕੇ ।

(੩) ਸਤਿਗੁਰੂ ਜੀ ਦੀ ਵਡਿਆਈ ਅਤੇ ਸਤਿਕਾਰ ਇਸ ਬਾਤ ਵਿੱਚ ਹੀ ਹੈ ਕਿ ਸਤਿਗੁਰਾਂ ਦੀ ਮਨਸਾ ਅੱਗੇ ਗੁਰਸਿੱਖ ਦਾ ਸੀਸ ਨਿਵ ਜਾਏ, ਅਤੇ ਗਦ ਗਦ ਹੋ ਕੇ ਨਿਵੇਂ । ਤੀਸਰੇ ਜਾਮੇ ਵਿੱਚ ਗੁਰੂ (ਨਾਨਕ) ਅਮਰਦਾਸ ਸਾਹਿਬ ਜੀ ਜਦ ਸਿੱਖਾਂ ਪ੍ਰਤੀ, ਆਪਣੇ ਬੈਠਣ ਲਈ ਚੰਗਾ ਜਿਹਾ ਥੜ੍ਹਾ ਬਣਾਉਣ ਨੂੰ ਕਹਿੰਦੇ ਹਨ ਤਾਂ ਬਹੁਤ ਸਾਰੇ ਸਿੱਖ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਚੰਗੇ ਚੰਗੇ ਥੜ੍ਹੇ ਬਣਾਉਣ ਵਿੱਚ ਜੁਟ ਪੈਂਦੇ ਹਨ । ਜਦ ਗੁਰੂ ਜੀ ਨੂੰ ਥੜ੍ਹੇ ਬਣ ਜਾਣ ਦੀ ਖ਼ਬਰ ਮਿਲ ਜਾਂਦੀ ਹੈ ਤਾਂ ਗੁਰੂ ਜੀ ਥੜ੍ਹਿਆਂ ਨੂੰ ਦੇਖ ਕੇ ਸਾਰੇ ਦੇ ਸਾਰੇ ਥੜ੍ਹੇ ਨਾ-ਮਨਜ਼ੂਰ ਕਰ ਦਿੰਦੇ ਹਨ । ਉਹਨਾਂ ਸਾਰਿਆਂ ਨੂੰ ਢਾਹ ਕੇ ਨਵੇਂ ਸਿਰਿਓਂ ਉਹਨਾਂ ਦੀ ਜਗ੍ਹਾ ਓਨ੍ਹਾਂ ਤੋਂ ਚੰਗਾ ਥੜ੍ਹਾ ਬਣਾਉਣ ਦਾ ਹੁਕਮ ਦੇ ਜਾਂਦੇ ਹਨ । ਗੁਰਸਿੱਖ ਆਪਣੀ ਅਕਲ ਅਤੇ ਸਰੀਰ ਦੇ ਤਾਣ ਮੁਤਾਬਿਕ ਹੋਰ ਚੰਗੇ ਥੜ੍ਹੇ ਬਣਾਉਂਦੇ ਹਨ । ਗੁਰੂ ਜੀ ਫਿਰ ਇਹ ਸਾਰੇ ਥੜ੍ਹੇ ਰੱਦ ਕਰ ਜਾਂਦੇ ਹਨ । ਇਹ ਸਿਲਸਿਲਾ ਕਈ ਦਿਨ ਜਾਰੀ ਰਹਿੰਦਾ ਹੈ । ਜਦ ਬਹੁਤ ਸਾਰੇ ਚਾਤੁਰ ਅਤੇ ਸਿਆਣੇ ਸਿੱਖਾਂ ਨੇ ਸੋਚਿਆ ਕਿ ਗੁਰੂ ਜੀ ਨੂੰ ਤਾਂ ਕੋਈ ਥੜ੍ਹਾ ਪਸੰਦ ਹੀ ਨਹੀਂ ਆਉਂਦਾ, ਕਈ ਦਿਨ ਹੋ ਗਏ ਹਨ ਸਾਨੂੰ ਖਪਦਿਆਂ ਨੂੰ, ਇਸ ਤੋਂ ਚੰਗਾ ਥੜ੍ਹਾ ਤਾ ਅਸੀਂ ਬਣਾ ਹੀ ਨਹੀਂ ਸਕਦੇ ? ਤਦ ਇਹਨਾਂ ਵਿਚੋਂ ਬਹੁਤ ਸਾਰਿਆਂ ਨੇ ਥੜ੍ਹੇ ਬਣਾਉਣੇ ਛੱਡ ਦਿੱਤੇ । ਇਸ ਤਰ੍ਹਾਂ ਕਰਦਿਆਂ ਕਰਦਿਆਂ ਥੜ੍ਹੇ ਬਣਾਉਣ ਵਾਲਿਆਂ ਦੀ ਗਿਣਤੀ ਘੱਟਦੀ ਗਈ । ਉਹ ਵੀ ਦਿਨ ਆ ਗਿਆ ਕਿ ਕੇਵਲ ਰਾਮਦਾਸ ਜੀ ਹੀ ਇਕੱਲੇ ਥੜ੍ਹਾ ਬਣਾਉਣ ਵਾਲੇ ਰਹਿ ਗਏ । ਇਹਨਾਂ ਇਕੱਲਿਆਂ ਦਾ ਬਣਾਇਆ ਹੋਇਆ ਥੜ੍ਹਾ ਭੀ ਗੁਰੂ ਜੀ ਨੇ ਹਰ ਰੋਜ਼ ਨਾ-ਮਨਜ਼ੂਰ ਕਰ ਜਾਂਦੇ ਤੇ ਉਸ ਤੋਂ ਚੰਗਾ ਥੜ੍ਹਾ ਬਣਾਉਣ ਲਈ ਕਹਿ ਜਾਂਦੇ । ਦੂਸਰੇ ਸਿੱਖ ਭੀ ਰਾਮਦਾਸ ਜੀ ਨੂੰ ਟਿੱਚ ਕਰਨ ਲੱਗ ਪਏ ।

(੪) ਜਦ ਭੀ ਗੁਰੂ ਜੀ, ਰਾਮਦਾਸ ਜੀ ਦਾ ਬਣਾਇਆ ਹੋਇਆ ਥੜ੍ਹਾ ਰੱਦ ਕਰਦੇ, ਰਾਮਦਾਸ ਜੀ ਹੱਥ ਜੋੜ ਕੇ ਖਲੋ ਜਾਂਦੇ ਅਤੇ ਕਹਿੰਦੇ, ਸਤਿਗੁਰੂ ਜੀ, ਮੇਰੇ ਵਿੱਚ ਅਕਲ ਨਹੀਂ ਹੈ, ਇਹ ਥੜ੍ਹਾ ਵਾਕਿਆ ਹੀ ਚੰਗਾ ਨਹੀਂ ਹੈ, ਆਪ ਜੀ ਕਿਰਪਾ ਕਰਕੇ ਦਾਸ ਪਾਸੋਂ ਚੰਗਾ ਥੜ੍ਹਾ ਬਣਵਾਉ । ਇਸ ਦੇ ਨਾਲ ਹੀ ਰਾਮਦਾਸ ਜੀ ਨੂੰ ਚਾਅ ਚੜ੍ਹ ਜਾਂਦਾ ਅਤੇ ਖ਼ੁਸ਼ੀ ਵਿੱਚ ਦੂਣ-ਸਵਾਏ ਹੋ



www.AKJ.Org

ਜਾਂਦੇ, ਕਿ ਸ਼ੁਕਰ ਹੈ ਸਤਿਗੁਰੂ ਜੀ ਨੇ ਦਾਸ ਨੂੰ ਆਪਣੀ ਕਾਰੇ ਲਾਈ ਰੱਖਿਆ ਹੈ ਅਤੇ ਹੋਰ ਥੜ੍ਹਾ ਬਣਾਉਣ ਦਾ ਹੁਕਮ ਦਿੱਤਾ ਹੈ। ਰਾਮਦਾਸ ਜੀ ਨੂੰ ਤਾਂ ਕੇਵਲ ਗੁਰੂ ਜੀ ਦੀ ਰਜ਼ਾ ਵਿੱਚ ਰਹਿਣ ਦਾ ਚਾਅ ਸੀ ਅਤੇ ਗੁਰੂ-ਆਸ਼ੇ ਅਨੁਸਾਰ ਹੀ ਕੰਮ ਕਰੀ ਜਾਣ ਦਾ ਚਾਅ ਸੀ। ਇਹਨਾਂ ਦਾ ਥੜ੍ਹੇ ਦੀ ਚੰਗਿਆਈ ਜਾਂ ਮੰਦਿਆਈ ਨਾਲ ਕੋਈ ਵਾਸਤਾ ਨਹੀਂ ਸੀ।

(੫) ਜਦ ਗੁਰੂ ਨਾਨਕ-ਜੋਤਿ ਨੇ ਪਰਖ ਲਿਆ ਕਿ ਭਾਈ ਲਹਿਣਾ ਜੀ ਅਤੇ ਰਾਮਦਾਸ ਜੀ ਵਿੱਚ ਆਪਣੀ ਚਤੁਰਾਈ ਦਾ ਮੁਸ਼ਕ ਤੱਕ ਵੀ ਨਹੀਂ ਰਿਹਾ ਕੇਵਲ ਗੁਰੂ ਦਾ ਹੁਕਮ ਮੰਨਣ ਅਤੇ ਗੁਰੂ ਦੀ ਰਜ਼ਾ ਵਿੱਚ ਰਹਿਣ ਦਾ ਚਾਅ ਹੈ ਤਾਂ ਗੁਰੂ ਨਾਨਕ-ਜੋਤਿ ਨੇ ਇਹਨਾਂ ਸੇਵਕਾਂ (ਸੰਤਾਂ) ਨੂੰ ਆਪਣੇ ਵਿੱਚ ਇਕ ਰੂਪ ਕਰਕੇ ਗੁਰੂ ਨਾਨਕ ਦੀ ਗੱਦੀ ਉਤੇ ਸੁਸ਼ੋਭਿਤ ਕਰ ਦਿੱਤਾ।

(੬) ਜੇ ਦਸਵੇਂ ਜਾਮੇ ਵਿੱਚ ਗੁਰੂ ਨਾਨਕ-ਜੋਤਿ ਨੇ ਸਿੱਖਾਂ ਪਾਸੋਂ ਸੀਸ ਮੰਗੇ ਹਨ ਤਾਂ ਸੀਸ ਭੇਟ ਕਰਨ ਵਾਲਿਆਂ ਨੇ ਇਹ ਨਹੀਂ ਪੁੱਛਿਆ ਕਿ ਤੁਸੀਂ ਸੀਸ ਕੀ ਕਰਨੇ ਹਨ ? ਕੇਵਲ ਸੀਸ ਭੇਟ ਕਰਨ ਲਈ ਹੀ ਅੱਗੇ ਵਧੇ ਹਨ ਅਤੇ ਸੀਸ ਦੇ ਦਿੱਤੇ ਹਨ। ਐਸਾ ਹੁਕਮ ਦੇਣ ਦਾ ਪ੍ਰਯੋਜਨ ਗੁਰੂ ਜੀ ਆਪ ਜਾਨਣ। ਗੁਰਸਿੱਖ ਦਾ ਸਬੰਧ ਅਤੇ ਫਰਜ਼ ਕੇਵਲ ਗੁਰੂ ਦੇ ਹੁਕਮ ਨੂੰ ਮੰਨਣ ਦਾ ਹੀ ਹੈ। ਗੁਰਸਿੱਖ ਗੁਰ-ਹੁਕਮਾਂ ਦੀ ਫੋਲਾ-ਫਾਲੀ ਨਹੀਂ ਕਰਦਾ। ਗੁਰ-ਹੁਕਮਾਂ ਦੀ ਫੋਲਾ-ਫਾਲੀ ਕਰਨ ਨਾਲ ਗੁਰੂ ਉਤੇ ਸ਼ਰਧਾ ਥਿੜਕਦੀ ਹੈ। ਸ਼ਰਧਾ ਥਿੜਕੀ ਤਾਂ ਸਭ ਕੁਝ ਗਿਆ। ਫਿਰ ਗੁਰੂ ਪਾਸੋਂ ਮਿਲਣਾ ਕੀ ਹੈ ? ਪੂਰੇ ਗੁਰੂ ਉਤੇ ਸ਼ਰਧਾ ਬਣੀ ਰਹਿਣ ਦੇ ਕਾਰਨ ਹੀ 'ਖ਼ਾਲਸਾ ਮੇਰਾ ਸਤਿਗੁਰੂ ਪੂਰਾ' ਵਾਲਾ ਸ੍ਰੀ ਮੁਖਵਾਕ ਸੰਸਾਰ ਦੇ ਕੰਨੀ ਪਿਆ ਸੀ। ਇੰਨ-ਬਿੰਨ ਹੁਕਮ ਮੰਨਣ ਵਾਲਾ ਖ਼ਾਲਸਾ ਅਤੇ ਗੁਰੂ ਆਪਸ ਵਿੱਚ ਓਤ-ਪੋਤ ਹਨ।

(੭) ਪਰ ਅਫ਼ਸੋਸ, ਕਿ ਕੁਝ ਕੁ ਸਮੇਂ ਤੋਂ ਆਪਣੀ ਚਤੁਰਾਈ ਅਤੇ ਆਪਣੀ ਵਡਿਆਈ ਦੀ ਭੁੱਖ ਦੇ ਕਾਰਨ, ਪੂਰੇ ਗੁਰੂ ਉਤੇ ਸਾਡੀ ਸ਼ਰਧਾ ਥਿੜਕ ਗਈ ਹੈ। ਸਾਨੂੰ ਗੁਰੂ ਸਰੂਪ ਵਿੱਚ ਘਾਟ ਨਜ਼ਰ ਆਉਣ ਲੱਗ ਪਈ ਹੈ। ਇਸ ਘਾਟ ਨੂੰ ਅਸੀਂ ਆਪਣੀ ਅਕਲ ਦੇ ਤਾਣ, ਪੂਰਾ ਕਰਨ ਵਿੱਚ ਕਾਫ਼ੀ ਕਾਮਯਾਬ ਹੋ ਗਏ ਹਾਂ। ਉਹ ਕਿਵੇਂ ? ਅਸੀਂ ਚਾਤਰ ਸਿੱਖਾਂ ਨੇ ਸੋਚਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ (ਜੁੜਤ ਸ਼ਬਦਾਂ ਵਾਲੇ) ਸਰੂਪ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਨ ਦੀ ਅਤੇ ਜ਼ਿਆਦਾ ਗਿਣਤੀ ਵਿੱਚ ਸੰਸਾਰੀਆਂ ਦੇ ਅੰਦਰ ਗੁਰਬਾਣੀ ਪੜ੍ਹਨ ਲਈ ਕਾਫ਼ੀ ਖਿੱਚ ਪੈਦਾ ਕਰਨ ਦੀ ਤਾਕਤ ਘੱਟ ਹੈ। ਇਸ ਧੁਰ-ਧੁਰੰਦਰੀ ਰੱਬ ਰਜ਼ਾਏ ਗੁਰ-ਹੁਕਮਾਏ, ਪੂਰੇ ਗੁਰੂ ਦੇ ਭਾਣੇ ਅੰਦਰ ਅਸਥਾਪਨ ਹੋਏ ਪਾਵਨ ਲੜੀਦਾਰ ਸਰੂਪ ਨੂੰ ਅਸਾਂ ਪਦ-ਛੇਦ ਦਾ ਭੇਖ (ਰੂਪ) ਦੇ ਕੇ ਆਮ ਸੰਸਾਰੀਆਂ ਦੇ ਮਨਾਂ ਵਿਚੋਂ, ਲੜੀਦਾਰ ਸਰੂਪ ਨੂੰ ਔਖਾ ਸਮਝ ਕੇ ਇਸਦਾ ਸਤਿਕਾਰ ਅਤੇ ਇਸ ਦੀ ਲੋੜ ਹੀ ਖਤਮ ਕਰ ਦਿੱਤੀ ਹੈ।

(੮) ਪੂਰਾ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਹਰ ਪਹਿਲੂ ਤੋਂ ਪੂਰਾ ਹੈ, ਸਰਬ ਸ਼ਕਤੀਆਂ ਵਿੱਚ ਪੂਰਾ ਅਤੇ ਦਰਸ਼ਨ ਵਿੱਚ ਵੀ ਪੂਰਾ ਹੈ। ਪੂਰੇ ਗੁਰੂ ਵਿੱਚ ਕਿਸੇ ਪ੍ਰਕਾਰ ਦੀ ਊਣਤਾਈ ਨਹੀਂ ਹੈ। ਇਸ ਲਈ ਪੂਰੇ ਗੁਰੂ ਦੀ ਸੋਧ-ਸੁਧਾਈ (modification or amendment) ਹੋਣ ਦੀ ਗੁੰਜਾਇਸ਼ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨੀਂ ਲਾਉਂਦਿਆਂ ਹੋਇਆਂ ਕਿਹਾ ਸੀ ਕਿ "ਹੁਣ ਤੋਂ ਅੰਗਦ ਦੇਵ ਜੀ ਨੂੰ ਗੁਰੂ ਮੰਨਿਓ।" ਗੁਰੂ ਅੰਗਦ ਦੇਵ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਹੀ ਹੁਕਮ ਸਿੱਖਾਂ ਪ੍ਰਤੀ ਫੇਰ ਦੁਹਰਾਇਆ ਅਤੇ ਕਿਹਾ ਕਿ ਹੁਣ ਤੋਂ ਗੁਰੂ ਅਮਰਦਾਸ ਜੀ ਨੂੰ ਗੁਰੂ ਮੰਨਿਓ। ਇਹ ਸਿਲਸਿਲਾ ਦਸਵੇਂ ਜਾਮੇ ਤੱਕ ਜਾਰੀ ਰਿਹਾ।

(੯) ਕਲਗੀਧਰ ਪਾਤਸ਼ਾਹ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਸਿੱਖਾਂ ਪ੍ਰਤੀ ਹੁਕਮ ਦਿੱਤਾ 'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ॥ ਇਹ ਕਹਿ ਕੇ ਆਪ ਕਲਗੀਧਰ ਪਾਤਸ਼ਾਹ ਜੀ ਨੇ ਲੜੀਦਾਰ-ਬਖਸ਼ਣਹਾਰੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਪਰ ਅਸਾਂ ਇਸ ਪਰਵਾਨੇ ਸਰੂਪ ਨੂੰ ਪਦ-ਛੇਦ ਕਰ ਕੇ ਚਤੁਰਾਈ ਵਰਤ ਲਈ ਹੈ ਤਾਂ ਜੁ ਪਾਠ ਛੇਤੀ ਅਤੇ ਸੌਖਾ ਹੋ ਸਕੇ। ਕੂਕਿਆਂ ਵਾਲਾ ਪੱਤਰਾ-ਪਾਠ ਅਤੇ ਪਦ-ਛੇਦ ਪਾਠ ਦੋਨੋਂ ਮਨਮਤਿ ਭਰੇ ਨਿੰਦਣਯੋਗ ਹਨ।

'ਸੂਰਾ' ਅੰਮ੍ਰਿਤਸਰ

www.AKJ.Org

ਕੂਕਿਆਂ ਨੇ ਗੁਰੂ ਗ੍ਰੰਥ ਸਾਹਿਬ ਦਾ ਪੱਤਰਾ ਪੱਤਰਾ ਕਰਨ ਦਾ ਇਰਾਦਾ ਕੀਤਾ ਸੀ ਪਰ ਸਿੱਖ ਜਗਤ ਨੇ ਇਸਨੂੰ ਸਤਿਗੁਰਾ ਦੀ ਘੋਰ ਬੇਅਦਬੀ ਸਮਝ ਕੇ ਹਾਹਾਕਾਰ ਮਚਾ ਦਿੱਤੀ ਸੀ ਅਤੇ ਕੂਕੇ ਇਹ ਕੁਕਰਮ ਕਰਨੋਂ ਰੁਕ ਗਏ । ਗੁਰੂ ਦੇ ਪੱਤਰੇ ਛੇਦ ਹੁੰਦੇ ਸੁਣ ਕੇ ਤਾਂ ਸਾਨੂੰ ਬਹੁਤ ਦੁੱਖ ਹੋਇਆ ਕਿ ਇਹ ਮਨਮਤਿ ਹੈ ਅਤੇ ਇਸਨੂੰ ਰੋਕਣ ਵਾਸਤੇ ਪੰਥ ਨੇ ਇਕੱਠਿਆਂ ਹੋ ਕੇ ਰੌਲਾ ਪਾ ਦਿੱਤਾ। ਪਰ ਗੁਰੂ ਦੇ ਪਦ-ਛੇਦ ਹੁੰਦੇ ਦੇਖ ਕੇ ਤਾਂ ਸਾਡੇ ਕੰਨ ਤੇ ਜੂੰ ਨਾ ਸਰਕੀ । ਸਿੱਖੀ ਨੂੰ ਢਹਿੰਦੀ ਕਲਾ ਵਿੱਚ ਲੈ ਜਾਣ ਲਈ ਇਕ ਮਨਮਤਿ ਮਾੜੀ ਕਿਉਂ ਅਤੇ ਦੂਜੀ ਮਨਮਤਿ ਚੰਗੀ ਕਿਉਂ ? ਦੋਨਾਂ ਹਾਲਤਾਂ ਵਿੱਚ ਹੀ ਗੁਰਬਾਣੀ ਦੀ ਬੇ-ਅਦਬੀ ਹੈ । ਜੇ ਸਦੀਵੀ ਰਹਿਣ ਵਾਲੇ ਖ਼ਾਲਸਾ ਜੀ ਦਾ ਰੂਪ ਕਲਗੀਧਰ ਪਾਤਸ਼ਾਹ ਜੀ ਨੇ ਖਾਸ ਕਿਹਾ ਹੈ ਤਾਂ ਪੱਥਰ ਉਤੇ ਲੀਕ ਜਾਣ ਕੇ ਗੁਰੂ ਦਾ ਰੂਪ ਭੀ ਖਾਸ ਹੀ ਹੈ । ਅਤੇ ਉਹ ਖਾਸ ਰੂਪ ਕੇਵਲ ਲੜੀਦਾਰ ਰੂਪ ਹੈ--ਨਾ ਪੱਤਰਾ-ਛੇਦ ਰੂਪ ਹੈ ਅਤੇ ਨਾ ਹੀ ਪਦ-ਛੇਦ ਰੂਪ ਹੈ ।

(੧੦) ਲੜੀਦਾਰ ਸਰੂਪ ਰੱਬ-ਘੜਤ ਸਰੂਪ ਹੈ । ਪਦ-ਛੇਦ ਸਰੂਪ ਮਨ-ਘੜਤ ਸਰੂਪ ਹੈ । 'ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ' (੧੪੧੨) ਦੇ ਗੁਰਵਾਕ ਉਤੇ ਸਾਨੂੰ ਪੂਰਾ ਭਰੋਸਾ ਚਾਹੀਦਾ ਹੈ । ਅਸੀਂ ਭੁੱਲੜ, ਢਿੱਲੜ, ਮਾਇਆਧਾਰੀ, ਆਰਾਮ-ਪਸੰਦ, ਲੜੀਦਾਰ ਸਰੂਪ ਦੀ ਮਹਿਮਾ ਕੀ ਜਾਣੀਏ ? 'ਹਮ ਭੂਲਹ ਤੁਮ ਸਦਾ ਅਭੂਲਾ.....' (੧੨੧੩) ਅਭੁੱਲ ਗੁਰੂ ਨਾਨਕ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਠੀਕ ਸਾਜਿਆ ਹੈ । ਇਹ ਸਰੂਪ ਸਾਜਣ ਵਿੱਚ ਕੋਈ ਭੁੱਲ ਨਹੀਂ ਹੋਈ । 'ਆਪਿ ਕਰੇ ਕਿਸੁ ਆਖੈ ਕੋਈ ॥ ਆਖਣਿ ਜਾਈਐ ਜੇ ਭੂਲਾ ਹੋਇ ॥ (੧੧੪) ਅਭੂਲੇ ਗੁਰੂ ਨਾਨਕ ਨੇ ਜਾਣ ਮਿਥ ਕੇ, ਸਮਝ ਸੋਚ ਕੇ, ਰੱਬੀ ਰਜ਼ਾ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਦਾ ਲੜੀਦਾਰ ਸਰੂਪ ਰਚਿਆ ਹੈ ਅਤੇ ਸੰਸਾਰੀਆਂ ਨੂੰ ਇਸ ਦੇ ਚਰਨੀਂ ਲਾਇਆ ਹੈ । ਪਰ ਗੁਰਬਾਣੀ ਵੇਚ ਕੇ ਖਾਣ ਵਾਲਿਆਂ ਭੁੱਲੜਾਂ ਨੇ ਗੁਰੂ ਦਾ ਰੱਬ-ਰਜਾਇਆ ਸਰੂਪ ਵਿਗਾੜ ਕੇ ਇਸਨੂੰ ਪਦ-ਛੇਦ ਦਾ ਜਾਮਾ ਚਾੜ੍ਹ ਕੇ ਸਿੱਖੀ ਨੂੰ ਸਸਤਾ ਅਤੇ ਬੇ-ਕਦਰਾ ਕੀਤਾ ਹੈ । ਲੜੀਦਾਰ ਸਰੂਪ ਦੀ ਸੇਵਾ ਸੰਭਾਲ ਹੀ ਪੂਰੇ ਗੁਰੂ ਦੀ ਵਡਿਆਈ ਹੈ । 'ਗੁਰਸਿਖਾਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ' (੩੦੪) । ਮਨਮੁੱਖਾਂ ਨੂੰ ਤਾਂ ਚਤੁਰਾਈ-ਅਧੀਨ ਸਾਜਿਆ ਹੋਇਆ ਪਦ-ਛੇਦ ਸਰੂਪ ਹੀ ਸੌਖਾ ਅਤੇ ਚੰਗਾ ਲੱਗਦਾ ਹੈ । ਲੜੀਦਾਰ ਸਰੂਪ ਨੂੰ ਅਉਖਾ ਜਾਣ ਕੇ ਇਸ ਤੋਂ ਨੱਕ ਮੂੰਹ ਵੱਟਦੇ ਹਨ । ਕੈਸੇ ਮਾੜੇ ਭਾਗ ਹਨ ?

(੧੧) ਪਦ-ਛੇਦਤਾ ਚਤੁਰਾਈ ਦੀ ਕਾਢ ਹੈ । ਅਤੇ ਚਤੁਰਾਈ ਮਨਮੁਖਾਂ ਦੀਆਂ ਕਈ ਨਿਸ਼ਾਨੀਆਂ ਵਿਚੋਂ ਸਿਰ-ਕੱਢਵੀਂ ਨਿਸ਼ਾਨੀ ਹੈ । ਯਥਾ : 'ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ' (੭੭੫) । (ਕਿਉਂ ?) 'ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ' (੭੭੫) ।

ਦੇਖੋ : ਪਦ-ਛੇਦ ਚਾਤਰਾਂ ਦਾ ਕੀ ਹਾਲ ਹੁੰਦਾ ਹੈ --

'ਅੰਤਰਿਚਤੁਰਾਈਥਾਇਨਪਾਈਬਿਰਥਾ ਜਨਮੁ ਗਵਾਇਆ ॥
ਜਮਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥' (੭੭੫)

ਇਹਨਾਂ ਚਾਤਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅਤੇ ਇਲਾਹੀ ਲੜੀਦਾਰ ਸਰੂਪ ਦੀ ਪਦ-ਛੇਦਤਾ ਰਾਹੀਂ ਤਰਮੀਮ (ਮੋਦਡਿਚਿਓਟੌਨਿ) ਕਰ ਦਿੱਤੀ ਹੈ । ਇਸ ਤਰਮੀਮ ਨਾਲ ਇਹਨਾਂ ਨੇ ਆਪਣੇ ਖ਼ਿਆਲ ਵਿੱਚ ਔਖੇ ਗੁਰੂ ਨੂੰ ਪਬਲਿਕ ਵਾਸਤੇ ਸੌਖਾ ਕਰ ਦਿੱਤਾ ਹੈ ।

(੧੨) ਤਰਮੀਮ ਉਸ ਚੀਜ਼ ਦੀ ਹੋਇਆ ਕਰਦੀ ਹੈ ਜਿਸ ਦੀ ਪਹਿਲਾਂ ਬਣਤਰ ਵਿੱਚ ਕੋਈ ਘਾਟਾ ਜਾਂ ਅਧੂਰਾਪਨ ਰਹਿ ਗਿਆ ਹੋਵੇ । ਅਜਿਹੀ ਘਾਟ ਨੂੰ ਤਰਮੀਮ ਰਾਹੀਂ ਪੂਰਾ ਕੀਤਾ ਜਾਂਦਾ ਹੈ । ਇਕ ਪਾਸੇ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੂਰਾ ਗੁਰੂ ਕਹਿੰਦੇ ਹਾਂ ਅਤੇ ਦੂਜੇ ਪਾਸੇ ਇਹਨਾਂ ਨੂੰ ਪਦ-ਛੇਦਤਾ ਰਾਹੀਂ ਤਰਮੀਮ ਦਾ ਮੁਹਤਾਜ ਸਮਝਦੇ ਹਾਂ । ਇਹ ਤਾਂ ਫਿਰ ਹਾਸੋ-ਹੀਣੀ ਗੱਲ ਹੋਈ--ਨਾਲੇ ਪੂਰਾ ਅਤੇ ਨਾਲੇ ਅਧੂਰਾ । ਅਫ਼ਸੋਸ, ਸਦ ਅਫ਼ਸੋਸ ਪਦ-ਛੇਦੀਆਂ ਦੀ ਮਤਿ ਉਤੇ



www.AKJ.Org

ਇਸ ਤੋਂ ਜ਼ਿਆਦਾ ਅਫ਼ਸੋਸ ਉਹਨਾਂ ਸਿੱਖਾਂ ਉਤੇ ਜਿਹਨਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਨਾਨਕ - ਅਸਥਾਪੇ - ਲੜੀਦਾਰ - ਸਰੂਪ ਅਉਖਾ ਜਾਣ ਕੇ ਅੱਖੋਂ ਪਰੋਖਾ ਕਰ ਲਿਆ ਹੈ ਅਤੇ ਇਨਸਾਨੀ ਚਤੁਰਾਈ ਅਧੀਨ ਅਸਥਾਪੇ ਪਦ-ਛੇਦ ਸਰੂਪ ਨੂੰ ਤਰਜੀਹ ਦੇ ਰੱਖੀ ਹੈ ।

(੧੩) ਗੁਰਬਾਣੀ ਦੀ ਲੜੀਦਾਰ ਰਚਨਾ ਰੱਬ ਦਾ ਇਕ ਖਾਸ ਚੋਜ ਹੈ । ਗੁਰਬਾਣੀ ਦੀ ਲੜੀਦਾਰਤਾ ਵਿੱਚ ਮਨ ਦੀ ਇਕਾਗਰਤਾ ਹੈ, ਨਿਰਮਾਣਤਾ ਹੈ, ਹਉਮੈ ਦਾ ਅਭਾਵ ਹੈ, ਆਤਮਿਕ ਹੁਲਾਰੇ ਹਨ ਅਤੇ ਭੈ-ਭਾਵਨੀ ਸਹਿਤ ਸੇਵਾ ਦਾ ਚਾਅ ਹੈ । ਗੁਰੂ ਦੀ ਵਡਿਆਈ ਕਰਨ ਦਾ ਭਾਵ ਹੈ ਕਿ ਗੁਰਸਿੱਖ ਨੂੰ ਗੁਰੂ ਦਾ ਸਭ ਕੁਝ ਹੀ -- ਗੁਰੂ ਦਾ ਹੁਕਮ, ਗੁਰੂ ਦੀ ਰਜ਼ਾ, ਗੁਰੂ ਦਾ ਨਾਮ, ਗੁਰੂ ਦਾ ਰੂਪ (ਦਰਸ਼ਨ), ਬ-ਸਰੋ-ਚਸ਼ਮ ਮਨਜ਼ੂਰ ਹੈ ।

ਯਥਾ- 'ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰ ਮਈਆ' ॥ (੬੯੩)

ਅਤੇ ਉਹ ਧੁਰ-ਧੁਰੰਦਰੀ ਗੁਰ ਦਰਸਾਇਆ ਰੂੜੋ-ਰੂਪ ਲੜੀਦਾਰ ਰੂਪ ਹੈ । ਚਾਤੁਰ ਮਨ-ਘੜਤ ਪਦ-ਛੇਦ ਰੂਪ ਨਹੀਂ । ਆਓ ਆਪਾਂ ਸਾਰੇ ਪਿਛਲੀਆਂ ਭੁਲਾਂ ਬਖਸ਼ਾ ਕੇ ਗੁਰੂ ਨਾਨਕ ਸੰਵਾਰੇ ਲੜੀਦਾਰ ਸਰੂਪ ਦੇ ਚਰਨੀਂ ਲੱਗੀਏ । ਇਹੋ ਹੀ ਸਤਿਗੁਰੂ ਦੀ ਵਡਿਆਈ ਹੈ ।

ਵਲੋਂ :

**ਸੁਕਐਡਰਨ ਲੀਡਰ ਭਾਈ ਸਾਹਿਬ ਭਾਈ ਰਾਮ ਸਿੰਘ ਜੀ**

ਜਥੇਦਾਰ, ਅਖੰਡ ਕੀਰਤਨੀ ਜੱਥਾ

## ਰੁਕੀਏ, ਸੋਚੀਏ ਫਿਰ ਚਲੀਏ (ਵਿਸਰਾਮ (॥) ਨੂੰ ਪੜ੍ਹੀਏ)

ਰੁਕੋ, ਦੇਖੋ ਅਤੇ ਜਾਓ (Stop, Look and Go) ਇਹ ਸ਼ਬਦ ਸੜਕਾਂ ਅਤੇ ਚੌਕਾਂ ਵਿੱਚ ਆਮ ਦੇਖੇ ਜਾ ਸਕਦੇ ਹਨ । ਸੱਚਮੁੱਚ ਜੇ ਅਜਿਹੀਆਂ ਥਾਵਾਂ ਤੇ ਕੋਈ ਨਾ ਰੁਕੇ ਤੇ ਤੇਜ਼ੀ ਨਾਲ ਭੱਜੀ ਜਾਵੇ ਤਾਂ ਉਸਨੂੰ ਮੁਸ਼ਕਲਾਂ ਪੇਸ਼ ਆ ਸਕਦੀਆਂ ਹਨ।

ਗੁਰਬਾਣੀ ਪੜ੍ਹਦਿਆਂ ਵੀ ਸਾਨੂੰ ਰੁਕਣ ਦੀਆਂ ਹਦਾਇਤਾਂ ਮਿਲਦੀਆਂ ਹਨ । ਆਮ ਪੰਜਾਬੀ ਵਿੱਚ ਵਾਕ ਦੀ ਸਮਾਪਤੀ ਪਿਛੋਂ ਡੰਡੀ (।) ਲੱਗੀ ਹੁੰਦੀ ਹੈ ਜਿਸਨੂੰ ਪੂਰਨ ਵਿਸਰਾਮ ਕਹਿੰਦੇ ਹਨ । ਭਾਵ ਕਿ ਵਾਕ ਖਤਮ ਹੈ, ਰੁਕੋ ਅਤੇ ਫਿਰ ਅਗਲਾ ਵਾਕ ਪੜ੍ਹੋ ।

ਪਰ ਗੁਰਬਾਣੀ ਦੀ ਤਾਂ ਕਮਾਲ ਹੀ ਹੈ ਕਿ ਹਰ ਤੁਕ ਪਿਛੋਂ ਦੋ ਡੰਡੀਆਂ (॥) ਲੱਗੀਆਂ ਹਨ । ਇਸ ਦਾ ਭਾਵ ਤਾਂ ਇਹੀ ਲਿਆ ਜਾ ਸਕਦਾ ਹੈ ਕਿ ਆਮ ਨਾਲੋਂ ਵੀ ਵੱਧ ਰੁਕੋ, ਸੋਚੋ ਤੇ ਫਿਰ ਅੱਗੋਂ ਪੜ੍ਹੋ । ਪਰ ਅਸੀਂ ਇਹਨਾ ਚਿੰਨ੍ਹਾਂ ਨੂੰ ਸਮਝਦੇ ਹੀ ਨਹੀਂ ਤੇ ਤੇਜ਼ੀ ਨਾਲ ਪਾਠ ਪੜ੍ਹੀ ਜਾਂਦੇ ਹਾਂ ।

ਸਾਨੂੰ ਸਭਨਾਂ ਨੂੰ ਕਮਰਕੱਸੇ ਕਰਕੇ ਇਹ ਪ੍ਰਚਾਰ ਕਰਨਾ ਚਾਹੀਦਾ ਹੈ ਕਿ ਬਿਸਰਾਮ (॥) ਨੂੰ ਵੀ ਪੜ੍ਹੀਏ । ਭਾਵ ਵਿਸਰਾਮ (॥) ਆਏ ਤਾਂ ਜ਼ਰੂਰ ਰੁਕੀਏ, ਸੋਚੀਏ ਤੇ ਫਿਰ ਅੱਗੇ ਚਲੀਏ ।

*- ਰੇਣੁਕਾ ਸਰਬਜੀਤ ਸਿੰਘ*

ਮਾਡਲ ਟਾਊਨ (ਐਕਸ.), ਲੁਧਿਆਣਾ)



www.AKJ.Org

# ਡਾਕਟਰ ਸਾਹਿਬ ਦਾ ਪੂਰਨ ਜੀ ਅਤੇ ਭੂਪ ਜੀ ਨਾਲ ਮਿਲਾਪ

*(ਲੜੀ ਜੋੜਨ ਲਈ 'ਸੂਰ' ਮਾਸਿਕ ਪੱਤਰ ਅਕਤੂਬਰ ੨੦੦੧ ਅੰਕ ਦੇਖੋ)*

ਜਦੋਂ ਡਾਕਟਰ ਸੁਰਿੰਦਰ ਸਿੰਘ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸੋਂ ਵਿਦਾ ਹੋ ਕੇ ਵਾਪਿਸ ਬੰਬੇ ਫਾਇਰ ਸਟੋਨ ਕੰਪਨੀ ਵਿਖੇ ਆਪਣੀ ਡਿਊਟੀ ਤੇ ਪੁੱਜੇ ਤਾਂ ਉਨ੍ਹਾਂ ਦੇ ਅੰਦਰ ਅਲੌਕਿਕ ਵੇਦਨਾ ਉਠ ਚੁੱਕੀ ਸੀ। ਹਰ ਵਕਤ ਕਰਕ ਕਲੇਜੇ ਰਹਿਣ ਲੱਗੀ। ਐਸੀ ਖਿੱਚ ਪਈ ਜਾਵੇ ਕਿ ਪ੍ਰੇਮ-ਰੰਗਾਂ ਵਿੱਚ ਲੀਨ ਰਹਿੰਦੇ। ਵੈਰਾਗ ਦੀ ਅਵਸਥਾ ਸੰਭਲੀ ਨਾ ਜਾਵੇ। ਮਾਇਆ ਦੀ ਖਿੱਚ ਹੀ ਮੁੱਕ ਗਈ ਅਤੇ ਮੁੱਖ ਤੋਂ ਇਹ ਹੀ ਬਚਨ ਨਿਕਲੀ ਜਾਣ, "ਕੋਈ ਜਨ ਹਰਿ ਸਿਉ ਦੇਵੈ ਜੋਰਿ" ਕੁਝ ਦੇਰ ਇਸ ਤਰ੍ਹਾਂ ਹੀ ਵਿਚਰਦੇ ਰਹੇ।

ਡਾਕਟਰ ਜੀ ਨੂੰ ਡਿਊਟੀ ਤੇ ਗੱਡੀ ਵਿੱਚ ਹੀ ਆਣਾ ਜਾਣਾ ਪੈਂਦਾ ਸੀ। ਪੂਰਨ ਜੀ (ਭਾਈ ਸੂਰਤ ਸਿੰਘ) ਵੀ ਉਹਨਾਂ ਦਿਨਾਂ ਵਿੱਚ ਬੰਬੇ ਹੀ ਸਨ ਅਤੇ ਉਹ ਵੀ ਉਸੇ ਹੀ ਗੱਡੀ ਵਿੱਚ ਰੋਜ਼ਾਨਾ ਜਾਇਆ ਕਰਦੇ ਸਨ। ਰਸਤੇ ਵਿੱਚ ਜਦ ਵੀ ਪੂਰਨ ਜੀ ਦੀ ਦ੍ਰਿਸ਼ਟੀ ਡਾਕਟਰ ਜੀ ਤੇ ਪੈਂਦੀ ਤਾਂ ਸੁਤੇ ਹੀ ਉਹ ਅਮਦਰੇ ਅੰਦਰ ਕਹਿ ਉਠਦੇ ਕਿ ਇਹ ਸਿੰਘ ਕੋਈ ਗੁਰਮੁਖੀ ਰੂਹ ਹੈ। ਉਹਨਾਂ ਦਿਨਾਂ ਵਿੱਚ ਡਾਕਟਰ ਜੀ ਪੂਰੇ ਸੂਟਿਡ ਬੂਟਿਡ ਹੋਇਆ ਕਰਦੇ ਸਨ, ਪਰ ਹੀਰੇ ਦੀ ਪਾਰਸ-ਮਈ ਚਮਕ ਤਾਂ ਉਵੇਂ ਹੀ ਰਹਿੰਦੀ ਹੈ ਭਾਵੇਂ ਜਿੱਥੇ ਮਰਜ਼ੀ ਪਿਆ ਹੋਵੇ।

ਇਕ ਦਿਨ ਪੂਰਨ ਜੀ ਗੱਡੀ ਵਿੱਚ ਬੈਠੇ ਸਨ ਤਾਂ ਡਾਕਟਰ ਜੀ ਵੀ ਇਹਨਾਂ ਦੇ ਕੋਲ ਬੈਠ ਗਏ ਅਤੇ ਬੜੀ ਹੀ ਧੀਮੀ ਆਵਾਜ਼ ਵਿੱਚ ਪੁਛਿਆ ਨੇ, "ਭਾਈ ਸਾਹਿਬ ਜੀ, ਤੁਸੀਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਜਾਣਦੇ ਹੋ ?" ਪੂਰਨ ਜੀ ਦਾ ਉਤਰ ਸੀ, "ਜੀ ਬਹੁਤ ਅੱਛੀ ਤਰ੍ਹਾਂ।" ਤਦ ਤਾਂ ਤੁਸੀਂ ਬਾਊ ਮੱਲ ਸਿੰਘ ਜੀ ਨੂੰ ਵੀ ਜਾਣਦੇ ਹੋਵੋਗੇ ?" ਪੂਰਨ ਜੀ ਨੇ ਦਸਿਆ ਕਿ ਮੈਂ ਬਾਊ ਮੱਲ ਸਿੰਘ ਜੀ ਨੂੰ ਵੀ ਚੰਗੀ ਤਰ੍ਹਾਂ ਜਾਣਦਾ ਹਾਂ। ਇਹ ਪਹਿਲੀ ਮੁਲਾਕਾਤ ਸੀ ਜਿਹੜੀ ਡਾਕਟਰ ਜੀ ਅਤੇ ਪੂਰਨ ਜੀ ਵਿੱਚ ਹੋਈ। ਇਸ ਤੋਂ ਬਾਅਦ ਪਿਆਰਨਾ ਪਿਆਰ ਪੂਰਨ ਜੀ ਦਾ ਡਾਕਟਰ ਜੀ ਨਾਲ ਬਹੁਤ ਜਾਗਿਆ। ਇਹਨਾਂ ਦੋਹਾਂ ਇਕੱਠੇ ਹੀ ਸਫ਼ਰ ਕਰਨਾ। ਬਚਨ ਭਾਵੇਂ ਘੱਟ ਹੀ ਕਰਨੇ, ਪਰ ਦਿਲੀ ਨੇੜਤਾ ਵੱਧਦੀ ਗਈ। ਇਸ ਨੇੜਤਾ ਬਾਰੇ ਪੂਰਨ ਜੀ ਨੇ ਭੂਪ ਜੀ (ਬੀਬੀ ਭੁਪਿੰਦਰ ਕੌਰ ਜੀ) ਨੂੰ ਵੀ ਦੱਸਦੇ ਰਿਹਾ ਕਰਨਾ।

ਇਕ ਦਿਨ ਪਤਾ ਨਹੀਂ ਭੂਪ ਜੀ ਦੇ ਮਨ ਵਿੱਚ ਕੀ ਫੁਰਨਾ ਫੁਰਿਆ ਕਿ ਉਹਨਾਂ ਨੇ ਬੜੇ ਜ਼ੋਰਦਾਰ ਲਫ਼ਜ਼ਾਂ ਵਿੱਚ ਸਿਫ਼ਾਰਸ਼ ਕੀਤੀ ਕਿ ਤੁਸੀਂ ਉਸ ਸਿੰਘ ਨੂੰ ਘਰ ਵਿਖੇ ਲਿਆਉਣਾ। ਪੂਰਨ ਜੀ ਨੇ ਉਸ ਦਿਨ ਡਾਕਟਰ ਜੀ ਨੂੰ ਘਰ ਆਉਣ ਦੀ ਬੇਨਤੀ ਕੀਤੀ।ਐਡਰੈਸ ਨੋਟ ਕਰਕੇ, ਡਾਕਟਰ ਜੀ ਨੇ ਘਰ ਪੁੱਜਣ ਦੀ ਪ੍ਰਵਾਨਗੀ ਦੇ ਦਿੱਤੀ। ਦਿੱਤੇ ਸਮੇਂ ਤੇ ਡਾਕਟਰ ਜੀ ਘਰ ਪੁੱਜ ਗਏ ਅਤੇ ਚੁਪ ਚਾਪ ਸੋਫ਼ੇ ਉਤੇ ਬੈਠ ਗਏ। ਬਹੁਤ ਘੱਟ ਹੀ ਬਚਨ ਕੀਤੇ। ਕੁਝ ਛਕਣ ਛਕਾਉਣ ਤੋਂ ਬਾਅਦ ਚਲੇ ਗਏ। ਪਿਛੋਂ ਭੂਪ ਜੀ ਕਹਿਣ ਲੱਗੇ ਕਿ ਇਹ ਸਿੰਘ ਕਿੰਨਾ ਅਪ-ਟੂ-ਡੇਟ ਹੈ।ਭੂਪ ਜੀ ਦੱਸਦੇ ਹਨ ਕਿ ਉਹਨਾਂ ਦਿਨਾਂ ਵਿੱਚ ਮੇਰੀ ਉਮਰ ਸਿਰਫ਼ ੨੦ ਕੁ ਸਾਲ ਸੀ। ਬਚਪਨ-ਪੁਣਾ ਹੋਣ ਕਰਕੇ ਗੁਰਮਤਿ ਦੀ ਗੂੜ੍ਹ ਸੋਝੀ ਨਹੀਂ ਸੀ। ਇਹ ਗੱਲ ੧੯੫੬ ਦੇ ਲਗ ਪਗ ਦੀ ਹੋਣੀ ਹੈ। ਇਸ ਤੋਂ ਪਿਛੋਂ ੧੯੫੮ ਤੱਕ ਡਾਕਟਰ ਜੀ ਕਈ ਵੇਰ ਪੂਰਨ ਜੀ ਦੇ ਗ੍ਰਹਿ ਵਿਖੇ ਆਉਂਦੇ ਜਾਂਦੇ ਰਹੇ।



www.AKJ.Org

ਸ਼ਬਦ ਦਾ ਕੀਰਤਨ ਆਰੰਭ ਕਰਨਾ ਤਾਂ ਡਾਕਟਰ ਜੀ ਨੇ ਸ਼ਬਦ ਵਿੱਚ ਬਿਲਕੁਲ ਰਸ-ਲੀਨ ਹੋ ਜਾਣਾ ਅਤੇ ਆਪਣਾ ਆਪਾ ਭੁੱਲ ਜਾਣਾ । ਪੂਰਨ ਜੀ ਦੇ ਮਿਲਾਪ ਤੋਂ ਬਾਅਦ ਡਾਕਟਰ ਜੀ ਹਫ਼ਤਾਵਾਰੀ ਅਖੰਡ ਕੀਰਤਨੀ ਸਮਾਗਮਾਂ ਵਿੱਚ ਪੁੱਜਣ ਲੱਗ ਪਏ । ਇਹਨਾਂ ਸਮਾਗਮਾਂ ਵਿੱਚ ਡਾਕਟਰ ਜੀ ਸਭ ਤੋਂ ਪਿਛੇ, ਜੋੜਿਆਂ ਦੇ ਕਰੀਬ ਜਿਹੇ ਸਜ ਜਾਇਆ ਕਰਦੇ ਸਨ । ਜਦੋਂ ਬੀਬੀ ਭੁਪਿੰਦਰ ਕੌਰ ਜੀ ਨੇ ਕੀਰਤਨ ਆਰੰਭਣਾ ਤਾਂ ਅਨੋਖੀ ਹੀ ਕਲਾ ਵਰਤਣੀ , ਇਹਨਾਂ ਨੇ ਬੇਹਬਲ ਹੋ ਜਾਣਾ । ਕਈ ਵਾਰੀ ਤਾਂ ਬੇਹਬਲਤਾ ਵਿੱਚ ਪਤਾ ਹੀ ਨਹੀਂ ਕਿ ਕੀ ਕ੍ਰਿਸ਼ਮਾ ਵਰਤਣਾ ਕਿ ਡਾਕਟਰ ਜੀ ਨੇ ਜੋੜਿਆਂ ਲਾਗੇ ਬੈਠਿਆਂ ਨੇ ਮੱਛਲੀ ਵੱਤ ਸੰਗਤ ਦੇ ਉਪਰ ਦੀ ਉਡਾਰੀ ਮਾਰਨੀ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਜਾ ਡਿਗਣਾ । ਡੰਡਉਤ ਬੰਦਨਾ ਵਿੱਚ ਹੀ ਸਾਰਾ ਕੀਰਤਨ ਸ੍ਰਵਣ ਕਰਨਾ । ਬੰਬਈ ਵਿੱਚ ਇਸ ਤਰ੍ਹਾਂ ਦੇ ਰੰਗ-ਰੰਗੀਜੇ ਕ੍ਰਿਸ਼ਮੇ ਆਮ ਹੀ ਵਾਪਰਦੇ ਰਹੇ। ਬੀਬੀ ਭੁਪਿੰਦਰ ਕੌਰ ਜੀ ਦੱਸਦੇ ਹਨ ਕਿ ਡਾਕਟਰ ਜੀ ਜਦੋਂ ਵੀ ਸਾਡੇ ਘਰ ਆਉਂਦੇ ਤਾਂ ਕਹਿੰਦੇ, "ਬੀਬੀ ਜੀ, ਕੋਈ ਸ਼ਬਦ ਸ੍ਰਵਣ ਕਰਾਓ ।" ਸ਼ਬਦ ਦਾ ਕੀਰਤਨ ਸ੍ਰਵਣ ਕਰਨ ਤੋਂ ਬਾਅਦ ਅਲੌਕਿਕ ਰੰਗਾਂ ਵਿੱਚ ਵਿਦਾ ਹੋਣਾ । ਕਈ ਵੇਰਾਂ ਤਾਂ ਘਰ ਵਿਖੇ ਹੀ ਬੇਸੁਧ ਹੋ ਕੇ ਡਿਗ ਪੈਣਾ । ਬੀਬੀ ਜੀ ਪਹਿਲਾਂ ਪਹਿਲ ਤਾਂ ਬਹੁਤ ਘਬਰਾਏ, ਪਰ ਜਦੋਂ ਇਹ ਅਗੰਮੀ ਕਲਾ ਆਮ ਹੀ ਵਰਤਿਆ ਕਰੇ ਤਾ ਬੀਬੀ ਜੀ ਨੂੰ ਡਾਕਟਰ ਜੀ ਦੀ ਰੰਗ-ਰੱਤੜੀ ਦਸ਼ਾ ਪਰਤੱਖ ਹੋ ਕੇ ਭਾਸਣ ਲੱਗ ਪਈ ।

ਇਕ ਦਿਨ ਸ਼ਾਮ ਨੂੰ ਡਾਕਟਰ ਜੀ ਬੀਬੀ ਭੁਪਿੰਦਰ ਕੌਰ ਜੀ ਪਾਸ ਘਰ ਆਏ ਤੇ ਪੁਛਣ ਲੱਗੇ, "ਭਾਈ ਸਾਹਿਬ ਨਹੀਂ ਆਏ?" ਕਦੋਂ ਆਉਣਾ ਹੈ ਉਹਨਾਂ ਨੇ ?" ਇਤਨੀ ਗੱਲ-ਬਾਤ ਚੱਲ ਹੀ ਰਹੀ ਸੀ ਕਿ ਬੀਬੀ ਦੇ ਮੁਖੋਂ ਨਿਕਲ ਗਿਆ ਕਿ ਸਾਡੀ ਟ੍ਰਾਂਸਫਰ ਦਾ ਕੁਝ ਚੱਕਰ ਹੈ, ਸ਼ਾਇਦ ਸਾਡੀ ਬਦਲੀ ਕਾਂਡਲੇ ਹੋ ਗਈ ਹੈ । ਜਦੋਂ ਡਾਕਟਰ ਜੀ ਦੇ ਕੰਨੀਂ ਆਵਾਜ਼ ਪਈ ਕਿ ਪੂਰਨ ਜੀ ਦੀ ਬਦਲੀ ਹੋ ਗਈ ਹੈ ਤਾਂ ਪਤਾ ਨਹੀਂ ਇਹਨਾਂ ਦੇ ਹਿਰਦੇ ਤੇ ਕੀ ਬੀਤੀ ਕਿ ਧੜੰਮ ਕਰਦੇ ਕਮਰੇ ਵਿੱਚ ਹੀ ਡਿੱਗ ਪਏ । ਬੀਬੀ ਜੀ ਘਬਰਾ ਗਏ । ਥੋੜ੍ਹੀ ਦੇਰ ਬਾਅਦ ਡਾਕਟਰ ਜੀ ਹੋਸ਼ ਵਿੱਚ ਆਏ ਅਤੇ ਪੁੱਛਣ ਲੱਗੇ, "ਬੀਬੀ ਜੀ, ਤੁਸੀਂ ਕੀ ਕਹਿ ਰਹੇ ਸੀ ?" ਭੁਪਿੰਦਰ ਜੀ ਘਬਰਾਏ ਘਬਰਾਏ ਕਹਿਣ ਲੱਗੇ, "ਵੀਰ ਜੀ, ਮੈਂ ਤਾਂ ਕੁਝ ਨਹੀਂ ਕਿਹਾ ।"

ਉਪਰੋਕਤ ਘਟਨਾ ਦੱਸਦੀ ਹੈ ਕਿ ਡਾਕਟਰ ਜੀ ਦਾ ਗੁਰਮੁਖਾਂ ਨਾਲ ਕਿੰਨਾ ਸੱਚਾ ਸੁੱਚਾ ਪਿਆਰ ਸੀ । ਗੁਰਮੁਖ ਸੱਜਣਾਂ ਤੋਂ ਵਿਛੜਨਾ ਉਨ੍ਹਾਂ ਲਈ ਅਸਹਿ ਸੀ । ਬਿਰਹੋਂ-ਚੋਟ ਮਰੰਨ ਵਾਲੀ ਕਲਾ ਵਰਤਾ ਦਿੰਦੇ ਸਨ । ਇਹਨਾਂ ਦਾ ਹਿਰਦ ਸੀਤਲ ਜਲ ਵੱਤ ਸਾਫ਼ ਸੀ । ਕਿਸੇ ਕਿਸਮ ਦੇ ਦਿਖਾਵੇ ਦਾ ਲੇਪ ਛੇਪ ਨਹੀਂ ਸੀ ।

ਸੰਨ ੧੯੫੬-੫੭ ਵਿੱਚ ਪੂਰਨ ਜੀ ਗੁਰਮੁਖ ਪਰਵਾਰ ਤਬਦੀਲ ਹੋ ਕੇ ਕਾਂਡਲੇ ਚਲੇ ਗਏ । ਇਸ ਗੁਰਮੁਖ ਪਰਵਾਰ ਨਾਲ ਜੋ ਗੁਰਮੁਖੀ ਸਾਂਝ ਪੈ ਚੁੱਕੀ ਸੀ, ਉਸ ਦੀ ਖਿੱਚ ਸਦਕਾ ਡਾਕਟਰ ਜੀ ਇਕੱਲ ਮਹਿਸੂਸ ਕਰਨ ਲੱਗੇ ਅਤੇ ਅੰਤ ੨੦ ਅਕਤੂਬਰ ੧੯੫੮ ਨੂੰ ਆਪ ਜੀ ਕਾਂਡਲੇ ਉਨ੍ਹਾਂ ਦੇ ਮਗਰ ਚਲੇ ਗਏ । ਸਾਮਾਨ ਰੀਟਾਇਰਿੰਗ ਰੂਮ ਵਿੱਚ ਹੀ ਜਮ੍ਹਾਂ ਕਰਾ ਕੇ ਡਾਕਟਰ ਜੀ ਪੂਰਨ ਜੀ ਪਾਸ ਪੁਜੇ । ਡਾਕਟਰ ਜੀ ਦੇ ਪੁੱਜਣ ਤੋਂ ੮-੯ ਦਿਨ ਪਹਿਲਾਂ ਇਸ ਗੁਰਮੁਖ ਪਰਿਵਾਰ ਨੂੰ ਭੁਜੰਗੀ ਦੀ ਬਖਸ਼ਿਸ਼ ਹੋ ਚੁਕੀ ਸੀ ਅਤੇ ਬੀਬੀ ਜੀ ਸਿਹਤ ਕਰਕੇ ਨਿਰਬਲ ਸਨ । ਇਸ ਗੱਲ ਦਾ ਪਤਾ ਲੱਗਣ ਤੇ ਡਾਕਟਰ ਜੀ ਰੀਟਾਇਰਿੰਗ ਰੂਮ ਵਿੱਚ ਹੀ ਰੁਕੇ ਰਹੇ । ਸਵੇਰੇ ਸ਼ਾਮ ਪੂਰਨ ਜੀ ਦੇ ਘਰ ਜਾਣਾ ਅਤੇ ਸੁਖ-ਸਾਂਦ ਦਾ ਪਤਾ ਲੈ ਕੇ ਵਾਪਸ ਚਲੇ ਜਾਣਾ ।

ਇਕ ਦਿਨ ਡਾਕਟਰ ਜੀ ਪੂਰਨ ਜੀ ਨੂੰ ਕਹਿਣ ਲੱਗੇ, "ਮੇਰੇ ਪਾਸ ਕੁਝ ਮਾਇਆ ਪਈ ਹੈ, ਇਸ ਨੂੰ ਕਿਤੇ ਖਰਚ ਵਰਚ ਦਿਉ ।"

ਪੂਰਨ ਜੀ ਕਹਿਣ ਲੱਗੇ, "ਮਾਇਆ ਦੀ ਇਧਰ ਵੀ ਬਖਸ਼ਿਸ਼ ਹੀ ਹੈ । ਦੇਖਾਂਗੇ ਕੋਈ ਲੋੜਵੰਦ ਹੋਇਆ ਤਾਂ ਦੱਸ ਦਿਆਂਗੇ ।" ਡਾਕਟਰ ਜੀ ਨੇ ਲੋੜਵੰਦਾਂ ਦਾ ਸਭ ਤੋਂ ਸਹਿਲ ਤਰੀਕਾ ਇਹ ਲੱਭਾ ਕਿ ਸਵੇਰੇ ਸ਼ਾਮ ਆਪ ਜੀ ਨੇ ਜਿੰਨੇ ਕੁ ਪੈਸੇ



www.AKJ.Org

ਹੱਥ ਆਉਣੇ, ਰਿਟਾਇਰਿੰਗ ਰੂਮ ਚੋਂ ਬਾਹਰ ਸੁੱਟ ਦੇਣੇ, ਜਿੰਨ੍ਹਾਂ ਨੂੰ ਲੋੜਵੰਦ ਮੰਗਤਿਆਂ, ਗਰੀਬਾਂ ਆਦਿ ਨੇ ਚੁਕ ਕੇ ਆਪਣਾ ਪੇਟ ਪਾਲਣਾ । ਇਸ ਤਰ੍ਹਾਂ ਹੀ ਆਪ ਜੀ ਪਾਸ ਜੋ ਲੋੜ ਤੋਂ ਵੱਧ ਮਾਇਆ ਸੀ, ਲੇਖੇ ਲਾ ਦਿੱਤੀ ।

ਮਾਇਆ ਦੀ ਲਪੇਟ ਚੋਂ ਸੁਰਖਰੂ ਹੋ ਕੇ ਆਪ ਜੀ ਪੂਰਨ ਜੀ ਪਾਸ ਆ ਠਹਿਰੇ । ਹੁਣ ਤੱਕ ਬੀਬੀ ਭੂਪ ਜੀ ਵੀ ਤੁਰਨ ਫਿਰਨ ਲੱਗ ਪਏ ਸਨ । ਲੰਗਰ ਦੀ ਸੇਵਾ ਵੀ ਕਰਨ ਲੱਗ ਪਏ । ਡਾਕਟਰ ਜੀ ਨੇ ਲੰਗਰ ਵੀ ਇਹਨਾਂ ਪਾਸ ਹੀ ਛਕ ਲਿਆ ਕਰਨਾ । ਡਾਕਟਰ ਜੀ ਕੁਝ ਚਿਰ ਬੜੇ ਹੀ ਪਿਆਰ ਨਾਲ ਆਪਣੇ ਘਰ ਵਾਂਗ ਹੀ ਪੂਰਨ ਜੀ ਦੇ ਪਾਸ ਹੀ ਟਿਕੇ ਰਹੇ । ਕਈ ਵੇਰ ਕੋਈ ਛੋਟੀ ਮੋਟੀ ਸੇਵਾ ਹੋਵੇ ਤਾਂ ਕਰ ਦੇਣੀ ।

ਭੂਪ ਜੀ ਦੱਸਦੇ ਹਨ ਕਿ ਡਾਕਟਰ ਜੀ ਦਾ ਠਾਠ-ਬਾਠ ਸ਼ਹਿਜ਼ਾਦਿਆਂ ਵਰਗਾ ਹੀ ਸੀ । ਵਧੀਆ ਤੋਂ ਵਧੀਆ ਕੱਪੜੇ ਤੇ ਕਛਹਿਰੇ ਪਾਇਆ ਕਰਦੇ ਸਨ । ਗਰਮੀਆਂ ਦੇ ਹੋਰ ਕਛਹਿਰੇ ਹੋਇਆ ਕਰਦੇ ਸਨ ਤੇ ਸਰਦੀਆਂ ਵਿੱਚ ਵਧੀਆ ਗਰਮ ਕੱਪੜੇ ਦੇ ।

ਮਾਇਕੀ ਸ਼ੋ-ਸ਼ਾਅ ਵਾਲੀ ਬਿਰਤੀ ਤੋਂ ਜਦੋਂ ਡਾਕਟਰ ਜੀ ਦਾ ਮਨ ਜਦੋਂ ਉਪਰਾਮ ਹੋਇਆ ਤਾਂ ਐਸੀ ਤਿਆਗ ਬਿਰਤੀ ਵਿਚ ਵਿਚਰੇ ਕਿ ਸਭ ਕੁਝ ਹੀ ਵਿਸਰ ਗਿਆ ।ਵਧੀਆ ਵਧੀਆ ਕੀਮਤੀ ਕੱਪੜਿਆਂ ਦੇ ਕਛਹਿਰਿਆਂ ਦੇ ਥਾਂ ਹੁਣ ਕੋਰੇ ਲੱਠੇ ਦੇ ਸਿੱਧੇ ਸਾਦੇ ਕਛਹਿਰੇ ਹੋ ਗਏ । ਕਈ ਵੇਰਾਂ ਆਪ ਜੀ ਦਾ ਕਛਹਿਰਾ ਅਤੇ ਚੋਲਾ ਮਸਤਾਨਾ ਵੀ ਦੇਖਿਆ ਜਾਂਦਾ ਸੀ। ਸ਼ਹਿਜ਼ਾਦਿਆਂ ਵਾਲੀ ਪਹਿਲੀ ਸ਼ਹਿਨਸ਼ਾਹੀ ਨੂੰ ਦੇਖਣ ਪਿਛੋਂ ਜਦੋਂ ਡਾਕਟਰ ਜੀ ਦੇ ਬਿਰਧ ਕਛਹਿਰਿਆਂ ਅਤੇ ਗੰਢੇ-ਤੁਪੇ ਚੋਲਿਆਂ ਵਲ ਧਿਆਨ ਜਾਂਦਾ ਹੈ ਤਾਂ ਡਾਕਟਰ ਜੀ ਦੇ ਗਰੀਬੀ ਅਤੇ ਨਿਮਰਤ ਵਾਲੇ ਜੀਵਨ ਧਾਰਨ ਅੱਗੇ ਸਿਰ ਨਿਵ ਜਾਂਦਾ ਹੈ ਕਿ ਕਿਵੇਂ ਸਭ ਕੁਝ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਚੀਥੜਿਆਂ ਵਿੱਚ ਲੁਕਾਈ ਫਿਰਨਾ ਹੈ । ਡਾਕਟਰ ਜੀ ਨੂੰ ਕਿਸੇ ਗੱਲ ਦੀ ਕਮੀ ਨਹੀਂ ਸੀ । ਆਪ ਜੀ ਦੀ ਕਾਫ਼ੀ ਜ਼ਮੀਨ ਅਤੇ ਡੇਹਰਾਦੂਨ ਵਿੱਚ ਬਹੁਤ ਵੱਡੇ ਬੰਗਲੇ ਦੀ ਮਾਲਕੀ ਸੀ । ਚਾਹੁੰਦੇ ਤਾਂ ਹਜ਼ਾਰਾਂ ਰੁਪਏ ਕਿਰਾਇਆ ਹੀ ਲੈ ਸਕਦੇ ਸਨ । ਪਰ ਆਪ ਜੀ ਨੇ ਮਾਇਆ ਸਰਪਣੀ ਨੂੰ ਪੈਰਾਂ ਹੇਠ ਹੀ ਰਖਿਆ, ਉਪਰ ਨਹੀਂ ਉਠਣ ਦਿੱਤਾ ।

ਇਕ ਵੇਰਾਂ ਕਹਿਣ ਲੱਗੇ, "ਭਾਈ, ਮੇਰੇ ਪਾਸ ਇਕ ਬੰਗਲਾ ਹੈ । ਪਰ ਉਸ ਦਾ ਮੁਕੱਦਮਾ ਚਲਦਾ ਹੈ ।"

ਬੜੇ ਹੀ ਉਤਸੁਕਤਾ ਨਾਲ ਜਦੋਂ ਪੁਛਿਆ ਗਿਆ ਤਾਂ ਕਹਿਣ ਲਗੇ, "ਮੁਕੱਦਮਾ ਕੋਈ ਖਾਸ ਨਹੀਂ, ਪਰ ਹੈ ਵੀ ਬੜਾ ਪੇਚੀਦਾ। ਕਿਤੇ ਕਾਨੂੰਨ ਦੀਆਂ ਕਿਤਾਬਾਂ ਵਿੱਚ ਉਸ ਦਾ ਕਿਤੇ ਜ਼ਿਕਰ ਨਹੀਂ ਹੈ । ਉਹ ਇਹ ਹੈ ਕਿ ਕਿਰਾਏਦਾਰ ਕਹਿੰਦੇ ਹਨ ਕਿ ਸਾਡੇ ਕੋਲੋਂ ਕਿਰਾਇਆ ਲਉ ਅਤੇ ਮੈਂ ਕਹਿੰਦਾ ਹਾਂ ਕਿ ਕਿਰਾਇਆ ਨਹੀਂ ਲੈਣਾ । ਬੱਸ ਇਹੀ ਕੇਸ ਹੈ ।" ਡਾਕਟਰ ਜੀ ਦਾ ਮਾਇਕੀ ਤਿਆਗ ਦਾ ਇਹ ਕਮਾਲ ਹੈ । ਇਸ ਅੱਗੇ ਸਾਡਾ ਸਿਰ ਕਿਵੇਂ ਨਾ ਝੁਕੇ ।

ਡਾਕਟਰ ਜੀ ਕਾਂਡਲੇ ਤੋਂ ਹੀ ਪੂਰਨ ਜੀ ਅਤੇ ਭੂਪ ਜੀ ਨਾਲ ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਲੁਧਿਆਣੇ ਪੁੱਜੇ । ਇਥੇ ਹੀ ਆਪ ਜੀ ਨੇ ਜੱਥੇ ਦੇ ਅੰਮ੍ਰਿਤ-ਸਮਾਗਮ ਵਿੱਚ ਪੇਸ਼ ਹੋ ਕੇ ਨਾਮ ਦ੍ਰਿੜ੍ਹ ਕਰਵਾਇਆ । ਇਸ ਤੋਂ ਬਾਅਦ ਆਪ ਜੀ ਦੀਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਪ੍ਰੇਮ ਦੀਆਂ ਗੰਢਾਂ ਹੋਰ ਵੀ ਪੀਡੀਆਂ ਹੋ ਗਈਆਂ ।

ਕਾਂਡਲੇ ਤੋਂ ਲੁਧਿਆਣੇ ਤੱਕ ਗੱਡੀ ਵਿਚ ਡਾਕਟਰ ਜੀ ਡਾਢੀ ਹੀ ਰੰਗ-ਰੱਤੜੀ ਬ੍ਰਿਤੀ ਵਿੱਚ ਸਜੇ ਰਹੇ । ਭੂਪ ਜੀ ਦੱਸਦੇ ਹਨ ਕਿ ਡਾਕਟਰ ਜੀ ਪਾਸ ਹੀ ਬੈਠੇ ਸਨ ਕਿ ਭੁਜੰਗੀ ਨੇ ਪਿਸ਼ਾਬ ਕਰ ਕੇ ਕੰਬਲ ਗਿੱਲਾ ਕਰ ਦਿੱਤਾ ਤਾਂ ਡਾਕਟਰ ਜੀ ਨੇ ਅਪਣਾ ਨਵਾਂ ਕੰਬਲ ਬੈਗ ਵਿਚੋਂ ਕੱਢ ਕੇ ਭੁਜੰਗੀ ਦੇ ਥੱਲੇ ਵਿਛਾ ਦਿੱਤਾ । ਬਥੇਰਾ ਮਨ੍ਹਾਂ ਕੀਤਾ ਪਰ ਡਾਕਟਰ ਜੀ ਨੇ ਭੋਰਾ ਵੀ ਸੰਕੋਚ ਨਾ ਕੀਤਾ । ਲੁਧਿਆਣੇ ਆ ਕੇ ਭੂਪ ਜੀ ਨੇ ਚਾਹਿਆ ਕਿ ਕੰਬਲ ਵਾਪਿਸ ਕਰ ਦਿੱਤਾ ਜਾਵੇ ਤਾਂ ਡਾਕਟਰ ਜੀ ਨੇ ਇਹ ਕਹਿ ਕੇ ਟਾਲ ਦਿੱਤਾ ਕਿ ਇਸ ਭੁਚੰਗੀ ਲਈ ਤਾਂ ਇਹ ਭੇਟਾ ਬਹੁਤ ਹੀ ਛੋਟੀ ਹੈ । ਉਹਨਾਂ ਦੀ ਕਥਨੀ ਤੋਂ ਇਵੇਂ ਜਾਪਦਾ ਸੀ ਕਿ ਜਿਵੇਂ ਡਾਕਟਰ ਜੀ ਨੂੰ ਗਿਆਨ ਹੋਵੇ ਕਿ ਭੁਜੰਗੀ ਆਪਣੀ ਛੋਟੀ ਜਿਹੀ ਆਯੂ ਵਿਚ ਹੀ ਇਕ ਉਘਾ ਕੀਰਤਨੀਆ ਸਿੱਧ ਹੋਵੇਗਾ ਅਤੇ ਪੰਥਕ ਸੋਚ ਵਿੱਚ ਹੀ



www.AKJ.Org

ਸਰੀਰ ਤਿਆਗ ਦੇਵੇਗਾ । ਉਹ ਕੰਬਲ ਅਜੇ ਤੱਕ ਭੂਪ ਜੀ ਪਾਸ ਡਾਕਟਰ ਜੀ ਦੀ ਯਾਦ ਤਾਜ਼ਾ ਕਰਵਾ ਰਿਹਾ ਹੈ ।

ਇਥੋ ਲੁਧਿਆਣੇ ਪੇਸ਼ ਹੋਣ ਪਿਛੋਂ ਡਾਕਟਰ ਜੀ ਦਿੱਲੀ ਆਪਣੀ ਭੈਣ ਜੀ ਪਾਸ ਚਲੇ ਗਏ । ਕੁਝ ਦੇਰ ਉਥੇ ਰੁਕੇ ਅਤੇ ਫਿਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਹੀ ਆ ਗਏ ।

(ਚਲਦਾ)

✦✧✦

## ਵਿਅੰਗੜੀਆਂ

### ਪਤਨੀ ਦਾ ਵਰਤ

ਕਲ੍ਹ ਨੂੰ ਵਰਤ ਮੈਂ ਰੱਖਣਾ ਤੁਸਾਂ ਖ਼ਾਤਰ, ਲੰਮੇਰੀ ਆਯੂ ਲਈ ਕਰੂੰ ਦੁਆ ਪੂਰੀ !
ਕਿਲੋ ਕੁ ਬਰਫ਼ੀ ਦਰਜਨ ਕੁ ਕੇਲੇ ਨਹੀਂ ਬਹੁਤੇ, ਘਿਓ ਖੰਡ ਨਾਲ ਰੱਖੂੰ ਬਣਾ ਚੂਰੀ !
ਥੋੜ੍ਹੇ ਕੁ ਸੇਬ ਕਸ਼ਮੀਰੀ ਵੀ ਲੈ ਆਉਣੇ, ਮਨ 'ਚ ਰਹਿ ਜੇ ਨਾ ਕਿਤੇ ਸਿੱਕ ਅਧੂਰੀ !
ਮਨ ਲਾ ਕੇ ਕਰੂੰ ਅਰਦਾਸ ਪਿਆਰੇ, ਸਾਡੇ ਮਨਾਂ ਦੀ ਮਿਟਾ ਦੇ ਹੁਣ ਤੂੰ ਦੂਰੀ !

### ਮਨਾਂ 'ਚ ਰੱਬ ਵੱਸਦਾ

ਕਰੋ ਤਰਸ ਕੁਝ ਅਸਾਂ ਪਾੜ੍ਹਿਆਂ 'ਤੇ, ਆਵਾਜ਼ ਸਪੀਕਰ ਦੀ ਨੀਵੀਂ ਲਾ ਰੱਖੋ !
ਦਿਹੁੰ ਪੇਪਰਾਂ ਦੇ ਪੜ੍ਹਨ 'ਚ ਮਗਨ ਸੱਭੇ, ਮਾਹੌਲ ਪੜ੍ਹਾਈ ਦਾ ਤੁਸੀਂ ਬਣਾ ਰੱਖੋ !
ਪੜਦੇ ਕੰਨਾਂ ਦੇ ਪਾੜਦੀ ਆਵਾਜ਼ ਤਿੱਖੀ, ਭਜਨ ਬੰਦਗੀ ਦਾ ਵਿਖਾਲਾ ਨਾ ਪਾ ਰੱਖੋ !
ਸਾਡੇ ਮਨਾਂ 'ਚ ਸਦਾ ਹੀ ਰੱਬ ਵੱਸਦਾ, ਐਵੇਂ ਖੁਦਾ ਨੂੰ ਚੱਕਰੀਂ ਨਾ ਪਾ ਰੱਖੋ !

*ਸ: ਰਣਜੀਤ ਸਿੰਘ ਆਜ਼ਾਦ*
*ਸ਼ਿਵਪੁਰੀ, ਧੂਰੀ*
*(ਸੰਗਰੂਰ)*



www.AKJ.Org

# ਇਹੁ ਮਨ ਧਾਵਤੁ ਤਾ ਰਹੈ

ਪ੍ਰਭੂ ਨਾਲ ਜੁੜਨਾ ਹੀ ਸੁਖਾਂ ਦਾ ਮੂਲ ਹੈ । ਮਨੁੱਖ ਤਦੋਂ ਹੀ ਦੁਖੀ ਹੁੰਦਾ ਹੈ ਜਦੋਂ ਮਨ ਦੇ ਪਿੱਛੇ ਲੱਗ ਕੇ ਪਦਾਰਥਾਂ ਦੇ ਆਕਰਸ਼ਣ, ਸੰਬੰਧੀਆਂ ਦੇ ਮੋਹ, ਪ੍ਰਾਪਤੀ ਦੀ ਅੰਨ੍ਹੀ ਦੌੜ ਅਤੇ ਮਾਨ-ਅਪਮਾਨ ਦੇ ਚੱਕਰ ਵਿੱਚ ਫਸ ਜਾਂਦਾ ਹੈ । ਐਸੇ ਮਨੁੱਖ ਦਾ ਮਨ ਅਸ਼ਾਂਤ ਰਹਿੰਦਾ ਹੈ, ਸਦਾ ਭਟਕਦਾ ਰਹਿੰਦਾ ਹੈ । ਗੁਰੂ ਸਾਹਿਬ ਮਨ ਨੂੰ ਹੋੜਦੇ ਹੋਏ ਫੁਰਮਾਉਂਦੇ ਹਨ :

(ੳ) ਰੇ ਮਨ ਮੁਗਧ ਅਚੇਤ ਚੰਚਲ ਚਿਤ ਤੁਮ ਐਸੀ ਰਿਦੈ ਨ ਆਈ ॥
ਪ੍ਰਾਨ ਪਤਿ ਤਿਆਗਿ ਆਨ ਤੂ ਰਚਿਆ ਉਰਝਿਓ ਸੰਗਿ ਬੈਰਾਈ ॥ (ਸੋਰਠਿ ਮ: ੫, ਪੰਨਾ ੬੦੯)

(ਅ) ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ (ਸਿਰੀ ਰਾਗੁ ਮ: ੧, ਪੰਨਾ ੨੧)

ਮਨ ਚੰਚਲ ਹੈ । ਭਟਕਨਾ ਇਸ ਦਾ ਸੁਭਾਉ ਹੈ । ਇਹ ਇਕ ਥਾਂ ਤੇ ਟਿਕ ਨਹੀਂ ਸਕਦਾ । ਪਾਠ ਕਰਦੇ ਹੋਏ, ਕੀਰਤਨ ਸੁਣਦੇ ਹੋਏ ਵੀ ਬਾਹਰ ਦੌੜ ਜਾਂਦਾ ਹੈ । ਇਸ ਨੂੰ ਟਿਕਾਉਣ ਲਈ ਅਨੇਕ ਯਤਨ ਕਰਨੇ ਪੈਂਦੇ ਹਨ । ਇਹ ਮਨ ਮਾਨੋਂ ਸਰੀਰ ਨਗਰ ਵਿਚ ਵੱਸਣ ਵਾਲਾ ਇਕ ਅੰਜਾਣ ਬਾਲਕ ਹੈ ਜਿਹੜਾ ਕਦੇ ਵੀ ਸਵੈ-ਸਰੂਪ ਵਿੱਚ ਟਿਕ ਕੇ ਨਹੀਂ ਬੈਠਦਾ ।

(ੳ) ਕਾਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥ (ਬਸੰਤ ਮ: ੪, ਪੰਨਾ ੧੧੯੧)

(ਅ) ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥ (ਪੰਨਾ ੫੯੯, ਸੋਰਠਿ ਮ: ੩)

ਜਿਤਨਾ ਚਿਰ ਮਨ ਵਿੱਚ ਲੋਭ, ਮੋਹ ਤ੍ਰਿਸ਼ਨਾ ਆਦਿਕ ਦੀਆਂ ਲਹਿਰਾਂ ਉਠਦੀਆਂ ਹਨ ਉਤਨਾ ਚਿਰ ਮਨ ਕੁਰਾਹੇ ਭਟਕਦਾ ਰਹਿੰਦਾ ਹੈ । ਉਹ ਪ੍ਰਭੂ ਦਾ ਸਿਮਰਨ ਨਹੀਂ ਕਰ ਸਕਦਾ । ਸਿਮਰਨ ਲਈ ਸਹਿਜ ਅਵਸਥਾ ਦਾ ਹੋਣਾ ਬਹੁਤ ਜ਼ਰੂਰੀ ਹੈ । ਜਿਵੇਂ ਮੱਛੀ ਲਾਲਚ ਵਿੱਚ ਆ ਕੇ ਆਪਣੇ ਗਲ ਵਿੱਚ ਕੁੰਡੀ ਪਵਾ ਲੈਂਦੀ ਹੈ ਤਿਵੇਂ ਹੀ ਮਨ ਲੋਭ ਦੇ ਕਾਰਨ ਆਪਣੇ ਆਪ ਨੂੰ ਮਾਇਆ ਦੀ ਗ਼ੁਲਾਮੀ ਵਿੱਚ ਫਸਾ ਲੈਂਦਾ ਹੈ ਤੇ ਪਾਪ ਦੇ ਰਸਤੇ ਤੇ ਤੁਰ ਪੈਂਦਾ ਹੈ । ਵਿਕਾਰਾਂ ਦੀ ਕਾਲਖ਼ ਨਾਲ ਕਾਲੇ ਮਨ ਵਾਲਾ ਮਨੁੱਖ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਵਿੱਚ ਅਸਮਰਥ ਹੋ ਜਾਂਦਾ ਹੈ । ਉਸ ਦਾ ਮਨ ਤਰ੍ਹਾਂ ਤਰ੍ਹਾਂ ਦੇ ਚਸਕਿਆਂ ਵਿੱਚ ਪਿਆ ਹੋਇਆ ਮਸਤ ਹਾਥੀ ਬਣ ਜਾਂਦਾ ਹੈ ਅਤੇ ਸਿਰ ਤੇ ਚੋਟਾਂ ਖਾਂਦਾ ਹੈ । ਗੁਰਵਾਕ ਹਨ :

(ੳ) ਮਨੁ ਭੂਲਉ ਭਰਮਸਿ ਆਇ ਜਾਇ ॥ ਅਤਿ ਲੁਬਧ ਲੁਭਾਨਉ ਬਿਖਮ ਮਾਇ ॥
ਨਹ ਅਸਥਿਰੁ ਦੀਸੈ ਏਕ ਭਾਇ ॥ ਜਿਉ ਮੀਨ ਕੁੰਡਲੀਆ ਕੰਠਿ ਪਾਇ ॥ (ਬਸੰਤ ਮ: ੧, ਪੰ: ੧੧੮੭)

(ਅ) ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੂਟੀਐ ॥
ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥
ਨਾਨਕ ਗੁਰਪਰਸਾਦੀ ਛੂਟੀਐ ਜੇ ਚਿਤੁ ਲਗੈ ਸਚਿ ॥ (ਮ: ੩, ਪੰਨਾ ੧੦੮੮)

ਮੱਛੀ, ਭੌਰਾ, ਭੰਬਟ, ਹਾਥੀ ਅਤੇ ਹਿਰਨ ਇਕ ਇਕ ਐਬ, ਇਕ ਇਕ ਚਸਕੇ ਦੇ ਕਾਰਣ ਨਸ਼ਟ ਹੋ ਜਾਂਦੇ ਹਨ । ਮੀਨ (ਮੱਛੀ) ਨੂੰ ਜੀਭ ਦਾ ਚਸਕਾ, ਭੌਰੇ ਨੂੰ ਫੁੱਲ ਸੁੰਘਣ ਦਾ ਚਸਕਾ, ਭੰਬਟ ਨੂੰ ਅੱਖਾਂ ਨਾਲ ਵੇਖਣ ਦਾ ਚਸਕਾ (ਦੀਵੇ ਨੇੜੇ ਸੜ ਮਰਨ ਦਾ ਚਸਕਾ) ਹਾਥੀ ਨੂੰ ਕਾਮ ਦਾ ਅਤੇ ਹਰਨ ਨੂੰ ਨਾਦ ਸੁਣਨ ਦਾ ਚਸਕਾ ਨਸ਼ਟ ਕਰ ਦਿੰਦਾ ਹੈ । ਜਿਹੜਾ ਮਨੁੱਖ ਮਨ ਦੇ ਪਿੱਛੇ ਲੱਗ ਕੇ ਆਪਣੀਆਂ ਇੰਦਰੀਆਂ ਨੂੰ ਵੱਸ ਵਿੱਚ ਨਹੀਂ ਕਰ ਸਕਦਾ ਅਤੇ ਰੂਪ, ਰਸ, ਗੰਧ ਆਦਿਕ ਦੇ ਪਿੱਛੇ ਦੌੜਦਾ ਫਿਰਦਾ ਹੈ ਅਤੇ


www.AKJ.Org

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਵੈਰੀਆਂ ਦੇ ਵੱਸ ਹੋ ਜਾਂਦਾ ਹੈ, ਉਸਦਾ ਕਲਿਆਣ ਕਿਵੇਂ ਹੋ ਸਕਦਾ ਹੈ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**

**ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥ (ਬਾਣੀ ਰਵਿਦਾਸ ਜੀ ਕੀ ਪੰਨਾ ੪੮੬)**

ਮਨ ਦੀਆਂ ਸਾਰੀਆਂ ਕ੍ਰਿਆਵਾਂ ਦਾ ਮਨੁੱਖ ਦੇ ਸਾਰੇ ਜੀਵਨ ਤੇ ਪ੍ਰਭਾਵ ਪੈਂਦਾ ਹੈ । ਮਨੁੱਖ ਦਾ ਜੀਵਨ ਚੰਗੀ ਮੰਦੀ ਦਿਸ਼ਾ ਵੱਲ ਮੁੜ ਜਾਂਦਾ ਹੈ । ਮਨ ਮੰਦੇ ਕਰਮਾਂ ਵੱਲ ਜਲਦੀ ਦੌੜਦਾ ਹੈ । ਮਨ ਨੂੰ ਮਾਰਣ ਦਾ ਜਤਨ ਕਰਨਾ ਵਿਅਰਥ ਹੈ । ਮਨ ਦੀਆਂ ਬਿਰਤੀਆਂ ਨੂੰ ਵੱਸ ਵਿੱਚ ਕਰਨ ਦਾ ਜਤਨ ਹੀ ਮਨੁੱਖ ਨੂੰ ਮੰਦੇ ਕਰਮਾਂ ਤੋਂ ਵਰਜ ਕੇ ਚੰਗੇ ਕਰਮਾਂ ਵੱਲ ਪ੍ਰੇਰਿਤ ਕਰਦਾ ਹੈ । ਜੇਕਰ ਮਨ ਹਾਥੀ ਵੱਸ ਵਿੱਚ ਆ ਜਾਏ ਤਾਂ ਕਾਮਾਦਿਕ ਵੈਰੀ ਹਾਰ ਜਾਂਦੇ ਹਨ --

**ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥**

**ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥ (ਆਸਾ ਕਬੀਰ ਜੀ, ਪੰਨਾ ੪੮੦)**

ਜੰਗਲਾਂ ਆਦਿਕ ਵਿੱਚ ਜਾ ਕੇ ਮਨ ਨੂੰ ਵੱਸ ਵਿੱਚ ਨਹੀਂ ਕੀਤਾ ਜਾ ਸਕਦਾ । ਭੇਖ ਧਾਰਨ ਕਰਨ ਨਾਲ ਜਾਂ ਸਿਰ ਮੁੰਡਾਣ ਨਾਲ ਵੀ ਮਨ ਵਿਸ਼ਿਆਂ ਤੋਂ ਉਪਰਾਮ ਨਹੀਂ ਹੁੰਦਾ, ਬਾਹਰ ਭਟਕਣੋਂ ਨਹੀਂ ਹੱਟਦਾ । ਜਿਵੇਂ ਮਸਤ ਹਾਥੀ ਨੂੰ ਮਹਾਵਤ ਆਪਣੇ ਅੰਕੁਸ਼ ਨਾਲ ਵੱਸ ਵਿੱਚ ਕਰਦਾ ਹੈ ਤਿਵੇਂ ਹੀ ਮਾਇਆ ਦੇ ਮੋਹ ਵਿੱਚ ਮਸਤ ਹੋਏ ਦੱਸੀਂ ਪਾਸੇ ਦੌੜਦੇ ਮਨ ਨੂੰ ਗੁਰੂ ਰੂਪ ਮਹਾਵਤ ਆਪਣੇ ਗਿਆਨ ਰੂਪ ਕੁੰਡੇ ਨਾਲ ਵੱਸ ਵਿੱਚ ਕਰ ਸਕਦਾ ਹੈ । ਗੁਰਮਤਿ ਤੇ ਤੁਰਦਾ ਹੋਇਆ ਇਹ ਮਨ ਉਧਰ ਹੀ ਜਾਂਦਾ ਹੈ ਜਿਧਰ ਗੁਰੂ ਤੋਰਦਾ ਹੈ :

**ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥**

**ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਰਿਓ ਘਰਿ ਮੰਦਰਿ ਆਣਿ ਵਸਾਈਐ ॥**

**(ਬਸੰਤ ਮਹਲਾ ੫, ਪੰਨਾ ੧੧੭੯)**

ਗੁਰੂ ਦਾ ਆਸਰਾ ਲਏ ਬਿਨਾਂ ਗੁਰਮਤਿ ਤੇ ਤੁਰੇ ਬਿਨਾਂ ਇਹ ਮਨ ਪਾਗਲ ਹਾਥੀ ਵਾਂਗ ਮਾਇਆ ਦੇ ਮੋਹ ਵਿੱਚ ਲਿਪਤ ਹੋ ਕੇ ਸੰਸਾਰ-ਜੰਗਲ ਵਿੱਚ ਭਟਕਦਾ ਫਿਰਦਾ ਹੈ । ਜੋ ਮਨੁੱਖ ਗੁਰੂ ਦੇ ਸਨਮੁੱਖ ਹੁੰਦਾ ਹੈ ਉਹ ਆਪਣੇ ਅੰਦਰ ਹੀ ਅਕਾਲ ਪੁਰਖ ਵਾਹਿਗੁਰੂ ਦਾ ਟਿਕਾਣਾ ਲੱਭ ਲੈਂਦਾ ਹੈ । ਉਸਦਾ ਮਨ ਬਾਹਰ ਭਟਕਣੋਂ ਹੱਟ ਜਾਂਦਾ ਹੈ । ਜਿਹੜਾ ਮਨ ਕਦੇ ਅਹੰਕਾਰ ਵਿੱਚ ਕਦੇ ਢਹਿੰਦੀ ਕਲਾ ਵਿੱਚ ਭਟਕਦਾ ਫਿਰਦਾ ਹੈ ।ਗੁਰਮਤਿ ਤੇ ਚਲਣ ਨਾਲ ਉਹ ਮਨ ਆਪਣੇ ਸੰਕਲਪ ਵਿਕਲਪ ਮੁਕਾ ਲੈਂਦਾ ਹੈ । ਸਦਾ ਆਪਣੇ ਘਰ ਆਪਣੇ ਸਵੈ-ਸਰੂਪ ਵਿੱਚ ਟਿਕਿਆ ਰਹਿੰਦਾ ਹੈ । ਪ੍ਰਭੂ ਨਾਲ ਜੁੜਨ ਲਈ ਮਨ ਦਾ ਸਵੈ-ਸਰੂਪ ਵਿੱਚ ਟਿਕਣਾ ਬਹੁਤ ਜ਼ਰੂਰੀ ਹੈ ।

**(ੳ) ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥**

**ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥ (ਮਹਲਾ ੩, ਪੰਨਾ ੧੦੮੯)**

**(ਅ) ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕ ਤੂ ਘਰਿ ਆਣੈ ਰਾਮ ॥**

**ਮਨੁ ਇਕਤੁ ਘਰਿ ਆਣੈ ਸਭੁ ਗਤਿ ਮਿਤਿ ਜਾਵੈ ਹਰਿ ਰਾਮੋ ਨਾਮੁ ਰਸਾਏ ॥ (ਆਸਾ ਮ: ੪, ਪੰਨਾ ੪੪੩)**

ਅਕਾਲ ਪੁਰਖ ਦੀ ਮਿਹਰ ਹੋਵੇ ਤਾਂ ਹੀ ਮਨੁੱਖ ਗੁਰੂ ਦੀ ਸ਼ਰਨ ਵਿੱਚ ਆਉਂਦਾ ਹੈ । ਗੁਰੂ ਦੇ ਉਪਦੇਸ਼ ਨੂੰ ਸੁਣਕੇ ਆਪਣੇ ਜੀਵਨ ਵਿੱਚ ਢਾਲਣ ਦਾ ਜਤਨ ਕਰਦਾ ਹੈ । ਪ੍ਰਭੂ ਮਿਹਰ ਦੀ ਨਿਗਾਹ ਕਰੇ ਤਾਂ ਹੀ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਨ ਦੀ ਥਾਂ ਗੁਰੂ ਦੇ ਹੁਕਮ ਵਿੱਚ ਤੁਰਦਾ ਹੈ, ਮਾਇਆ ਵੱਲ ਦੌੜਦੇ ਮਨ ਨੂੰ ਰੋਕ ਕੇ ਰੱਖਦਾ ਹੈ :

**(ੳ) ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥**

**ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ (ਸਿਧ ਗੋਸਟਿ ਮ: ੧, ਪੰਨਾ ੯੪੫)**



www.AKJ.Org

(ਅ) ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥ (ਮ: ੩, ਪੰਨਾ ੩੧)

ਡਾਵਾਂ ਡੋਲ ਮਨ ਨਾਲ ਭਗਤੀ ਨਹੀਂ ਕੀਤੀ ਜਾ ਸਕਦੀ, ਪ੍ਰਮਾਤਮਾ ਨਾਲ ਮਨ ਦੀ ਛੋਹ ਹੀ ਨਹੀਂ ਬਣਦੀ । ਗੁਰ-ਸ਼ਬਦ ਦੀ ਵੀਚਾਰ ਨਾਲ ਤੇ ਵੀਚਾਰ ਅਨੁਸਾਰ ਜੀਵਨ ਬਣਾਉਣ ਨਾਲ ਮਨ ਦੀਆਂ ਦੌੜਾਂ ਮੁੱਕ ਜਾਂਦੀਆਂ ਹਨ ।

(ੳ) ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ ॥

(ਸਾਰੰਗ ਮ: ੩, ਪੰਨਾ ੧੨੩੩)

(ਅ) ਮਨੁ ਮਾਰੇ ਧਾਤੁ ਮਰਿ ਜਾਇ ॥ ਬਿਨੁ ਮੁਏ ਕੈਸੇ ਹਰਿ ਪਾਇ ॥

(ਗਉੜੀ ਗੁਆਰੇਰੀ ਮ: ੩, ਪੰਨਾ ੧੫੯)

ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇ ਤਾਂ ਇੰਦਰੀਆਂ ਦਾਸੀਆਂ ਬਣ ਜਾਂਦੀਆਂ ਹਨ :

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ ਪੰਚ ਜਨਾ ਸਿਉ ਸੰਗੁ ਨਿਵਾਰੈ ॥
ਦਸ ਇੰਦ੍ਰੀ ਕਰਿ ਰਾਖੈ ਵਾਸਿ ॥ ਤਾ ਕੈ ਆਤਮੈ ਹੋਇ ਪਰਗਾਸੁ ॥੧॥
ਐਸੀ ਦ੍ਰਿੜਤਾ ਤਾ ਕੈ ਹੋਇ ॥ ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ਰਹਾਉ ॥

(ਗਉੜੀ ਮ: ੫, ਪੰਨਾ ੨੩੬)

ਅਕਾਲ ਪੁਰਖ ਵਾਹਿਗੁਰੂ ਦੀ ਮਿਹਰ ਹੋਵੇ ਤਾਂ ਹੀ ਮਨੁੱਖ ਨਾਮ ਸਿਮਰਨ ਦੇ ਰਸਤੇ ਤੇ ਪੈ ਕੇ ਸਤੁ ਸੰਤੋਖ ਆਦਿਕ ਗੁਣਾਂ ਦਾ ਧਾਰਣੀ ਬਣ ਜਾਂਦਾ ਹੈ ਤੇ ਹੌਲੀ ਹੌਲੀ ਮਨ ਨੂੰ ਜਿੱਤ ਲੈਂਦਾ ਹੈ । ਉਸਦਾ ਮਨ ਬਾਹਰ ਨਹੀਂ ਭਟਕਦਾ -- ਸਤ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥੧॥ (ਸੋਰਠਿ ਮ: ੫, ਪੰਨਾ ੬੪੧)

ਜਦੋਂ ਪ੍ਰਭੂ ਦੀ ਮਿਹਰ ਹੁੰਦੀ ਹੈ ਤਾਂ ਹਿਰਦੇ ਵਿੱਚ ਹੀ ਇਹ ਅਨੁਭਵ ਹੋ ਜਾਂਦਾ ਹੈ ਕਿ ਸੁਰਤਿ ਪ੍ਰਭੂ ਚਰਨਾਂ ਵਿਚ ਜੁੜੀ ਹੋਈ ਹੈ । ਜਦੋਂ ਮਨ ਪਰਮਾਤਮਾ ਨਾਲ ਜੁੜਦਾ ਹੈ ਤਾਂ ਚੰਚਲਤਾ ਖਤਮ ਹੋ ਜਾਂਦੀ ਹੈ, ਮੋਹ ਦੇ ਤਾਰ ਟੁੱਟ ਜਾਂਦੇ ਹਨ, ਤ੍ਰਿਸ਼ਨਾ ਮਿੱਟ ਜਾਂਦੀ ਹੈ, ਕ੍ਰੋਧ ਅਵਿਵੇਕੀ ਨਹੀਂ ਬਣਾਉਂਦਾ । ਕਾਮ ਜ਼ੋਰ ਨਹੀਂ ਪਾਉਂਦਾ ਅਤੇ ਹੰਕਾਰ ਹਾਵੀ ਨਹੀਂ ਹੁੰਦਾ । ਮਨ ਸਵੈ-ਸਰੂਪ ਵਿੱਚ ਟਿਕ ਜਾਂਦਾ ਹੈ, ਜੀਵਨ ਸ਼ਾਂਤ ਅਤੇ ਪਵਿੱਤਰ ਹੋ ਜਾਂਦਾ ਹੈ --

(ੳ) ਨਜਰਿ ਭਈ ਘਰੁ ਘਰ ਤੇ ਜਾਨਿਆ ॥ (ਮ: ੧, ਪੰਨਾ ੧੫੩)

(ਅ) ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥
ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥ (ਆਸਾ ਮ: ੧, ਪੰਨਾ ੩੫੩)

ਜਿਸ ਉਤੇ ਪ੍ਰਭੂ ਪ੍ਰਸੰਨ ਹੁੰਦਾ ਹੈ, ਉਸ ਉਤੇ ਮਿਹਰ ਕਰਦਾ ਹੈ ਅਤੇ ਆਪ ਹੀ ਉਨ੍ਹਾਂ ਦੀ ਜੀਭ' ਤੇ ਆਪਣੇ ਨਾਮ ਦਾ ਰਸ ਪੈਦਾ ਕਰਦਾ ਹੈ, ਆਪ ਹੀ ਉਨ੍ਹਾਂ ਕੋਲੋਂ ਨਾਮ ਜਪਵਾਉਂਦਾ ਹੈ --

ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥
ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ ਪਾਵੀਐ ਰੇ ॥

(ਕੇਦਾਰਾ ਮ: ੫, ਪੰਨਾ ੧੧੧੮)

- ਡਾ: ਪਰਮਜੀਤ ਕੌਰ ਲੈਕਚਰਾਰ,
ਗੁਰੂ ਨਾਨਕ ਗਰਲਜ਼ ਕਾਲਿਜ, ਯਮੁਨਾ ਨਗਰ (ਹਰਿਆਣਾ)



www.AKJ.Org

# ਨਿਵਣੁ ਗੁਣ

ਕਿਸੇ ਵੀ ਇਨਸਾਨ ਦੀ ਅਹਿਮੀਅਤ ਦਾ ਪਤਾ ਉਸ ਦੇ ਸੁਭਾਅ ਸਲੂਕ ਤੋਂ ਲਾਇਆ ਜਾ ਸਕਦਾ ਹੈ । ਮਿੱਠਾ ਸੁਭਾਅ ਨਿਮਰਤਾ ਦਾ ਪ੍ਰਤੀਕ ਹੈ । ਗੁਰਬਾਣੀ ਵੀ ਸਾਨੂੰ ਨਿਵਣ ਗੁਣ ਅਤੇ ਮਿੱਠਾ ਬੋਲਣ ਲਈ ਪ੍ਰੇਰਦੀ ਹੈ ।

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (ਪੰਨਾ ੪੭੦)**

ਗੁਰਬਾਣੀ ਜੀਵ ਨੂੰ ਔਗੁਣ ਤਿਆਗਣ ਅਤੇ ਸ਼ੁਭ ਗੁਣ ਅਪਣਾਉਣ ਦੀ ਪ੍ਰੇਰਨਾ ਕਰਦੀ ਹੈ ।

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ (ਪੰਨਾ ੫੯੫)**

ਹਉਮੈ ਅਹੰਕਾਰ ਤੋਂ ਪੈਦਾ ਹੋਏ ਅਉਗੁਣ ਜੀਵ ਨੂੰ ਮੂਰਖ ਬਣਾ ਦਿੰਦੇ ਹਨ ਅਤੇ ਨਿਮਰਤਾ ਤੋਂ ਕੋਹਾਂ ਦੂਰ ਲੈ ਜਾਂਦੇ ਹਨ । ਨਿਮਰਤਾ ਦੇ ਗੁਣਾਂ ਤੋਂ ਬਿਨਾਂ ਸਭ ਪੜ੍ਹਾਈ ਵੀ ਬੇਕਾਰ ਹੈ ।

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (ਪੰਨਾ ੧੪੦)**

ਬਾਬ ਫ਼ਰੀਦ ਜੀ ਕਰਤੇ ਨੂੰ ਰੀਝਾਉਣ ਦੇ ਗੁਣ ਕਿਆ ਸੁੰਦਰ ਸ਼ਬਦਾਂ ਵਿੱਚ ਅੰਕਿਤ ਕਰਦੇ ਹਨ :

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ (ਪੰਨਾ ੧੩੮੪)**

ਅਗਰ ਜੀਵ ਵਿੱਚ ਇਹ ਤਿੰਨ ਗੁਣ ਗੁਰੂ ਕਿਰਪਾ ਨਾਲ ਪ੍ਰਵੇਸ਼ ਕਰ ਜਾਣ ਤਾਂ ਜੀਵ ਦੁੱਖਾਂ ਤੋਂ ਛੁਟਕਾਰਾ ਪਾ ਸਕਦਾ ਹੈ । ਜੈਸਾ ਕਿ ਗੁਰਵਾਕ ਹੈ :

**ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥ (ਪੰਨਾ ੭੫੨)**

ਨਿਮਰਤਾ ਜੀਵ ਨੂੰ ਸਹਿਜ ਵਿੱਚ ਲੈ ਜਾਂਦੀ ਹੈ, ਜਿਹਬਾ ਮਣੀਆ ਮੰਤੁ, ਮਿੱਠੇ ਬੋਲ, ਪ੍ਰੇਮ ਦੀ ਖੁਸ਼ਬੋਈ ਵੰਡਦੇ ਹਨ ਤੇ ਪ੍ਰਭੂ ਮਿਲਾਪ ਦੀ ਗੰਢ ਪੀਡੀ ਕਰਦੇ ਹਨ । ਪ੍ਰੇਮ ਦੀ ਗੰਢ ਦਾ ਬਚਨ ਭਗਤ ਰਵਿਦਾਸ ਜੀ ਕਰਦੇ ਹਨ ।

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥ (ਪੰਨਾ ੬੫੮)**

ਭਗਤ ਜਨ ਪ੍ਰੇਮ ਨਾਲ ਭਿੱਜੇ ਮਿੱਠੇ ਬੋਲਾਂ ਨਾਲ ਹੀ ਪ੍ਰਭੂ ਜੀ ਨੂੰ ਵੱਸ ਕਰ ਲੈਂਦੇ ਹਨ, ਜੈਸਾ ਕਿ ਗੁਰਵਾਕ ਹੈ ;

**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ (ਪੰਨਾ ੯੬੨)**

ਨਿਮਰਤਾ ਨਾਲ ਹੀ ਵੈਰੀ ਮੀਤ ਹੋ ਜਾਂਦੇ ਹਨ ਪਰ ਨਿਮਰਤਾ ਦਾ ਗੁਣ ਸਰੀਰ ਕਰਕੇ ਨਹੀਂ ਮਨ ਕਰਕੇ ਧਾਰਨ ਕਰਨਾ ਹੈ ਮਨ ਨੂੰ ਨੀਵਾਂ ਰੱਖਣਾ ਹੈ ।

ਨਿਮਰਤਾ ਦੇ ਪ੍ਰਥਾਏ ਗੁਰੂ ਘਰ ਦੀ ਵਾਰਤਾ ਪ੍ਰਤੱਖ ਉਦਾਹਰਣ ਹੈ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜਾਦੇ ਬਾਬਾ ਸ੍ਰੀ ਚੰਦ ਜੀ, ਚੌਥੇ ਨਾਨਕ ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਅੰਮ੍ਰਿਤਸਰ ਸਾਹਿਬ ਆਏ । ਗੁਰੂ ਜੀ ਨੇ ਉਹਨਾਂ ਦਾ ਭਗਤੀ ਭਾਵ ਤੇ ਗੁਰੂ ਪੁੱਤਰ ਹੋਣ ਦਾ ਪੂਰਾ ਸਤਿਕਾਰ ਕੀਤਾ ਅਤੇ ਕੁਝ ਦਿਨ ਰੁਕਣ ਲਈ ਬੇਨਤੀ ਕੀਤੀ । ਇਕ ਦਿਨ ਬਚਨ ਬਿਲਾਸ ਕਰਦਿਆਂ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਰਾਮਦਾਸ ਜੀ ਨੂੰ ਬਚਨ ਕੀਤਾ :

**ਸ੍ਰੀ ਚੰਦ ਤਬ ਗਿਰਾ ਉਚਾਰੀ, "ਕਾਹੇ ਬਢਾਈ ਦਾੜ੍ਹੀ ਭਾਰੀ ।"**



www.AKJ.Org

ਭਾਵ ਕਿ ਆਪ ਜੀ ਨੇ ਦਾੜ੍ਹੀ ਏਨੀ ਲੰਮੀ ਕਿਉਂ ਵਧਾਈ ਹੈ ? ਗੁਰੂ ਰਾਮਦਾਸ ਜੀ ਨੇ ਜੋ ਉੱਤਰ ਦਿੱਤਾ, ਉਹ ਇਸ ਤਰ੍ਹਾਂ ਹੈ :

ਰਾਮਦਾਸ ਗੁਰ ਨਿਮਰ ਹ੍ਵੈ ਹੈ । ਕਹਿਓ ਆਪ ਸੇ ਸਾਧੂ ਜੋ ਹੈਂ ।
ਤਿਨ ਕੇ ਚਰਨ ਪੌਛਨੇ ਕਾਰਨ । ਇਮ ਕਹਿ ਚਰਨ ਲਗੇ ਤਬ ਝਾਰਣ ।
ਖੁਸ਼ੀ ਹੋਏ ਸ੍ਰੀ ਚੰਦ ਉਚਾਰਾ । ਇਸੀ ਤੌਰ ਘਰ ਲੁਟਿਓ ਹਮਾਰਾ ।
ਸ਼ਰਧਾ ਭਗਤੀ ਔ ਕਰਿ ਸੇਵਾ । ਲਈ ਗੁਰਿਆਈ ਅੰਗਦ ਦੇਵਾ ।
ਹਮ ਗੁਰ ਕੋ ਸੁਤ ਛੂਛ ਰਹਾਏ । ਸੇਵਾ ਤੇ ਤੁਮ ਮੇਵਾ ਪਾਏ ।
ਅਬ ਬਾਕੀ ਥੀ ਜੋ ਕੁਝ ਮੌ ਪੈ । ਛੀਨ ਲਈ ਯੂੰ ਹੀ ਤੁਮ ਮੋ ਪੈ ।

ਚੌਥੇ ਨਾਨਕ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਬਾ ਸ੍ਰੀ ਚੰਦ ਜੀ ਨੂੰ ਕਿਹਾ ਕਿ ਇਹ ਦਾੜ੍ਹੀ ਤੁਹਾਡੇ ਵਰਗੇ ਸੰਤਾਂ ਮਹਾਂਪੁਰਸ਼ਾਂ ਦੇ ਚਰਨ ਝਾੜਨ ਖਾਤਰ ਵਧਾਈ ਹੈ । ਸਿਰਫ਼ ਕਿਹਾ ਹੀ ਨਹੀਂ ਸਗੋਂ ਆਪਣੇ ਪਵਿੱਤਰ ਦਾੜ੍ਹੇ ਨਾਲ ਬਾਬਾ ਸ੍ਰੀ ਚੰਦ ਜੀ ਦੇ ਚਰਨ ਝਾੜਨ ਲੱਗ ਪਏ । ਬਾਬਾ ਸ੍ਰੀ ਚੰਦ ਜੀ ਨੇ ਖੁਸ਼ ਹੋ ਕੇ ਫੁਰਮਾਇਆ ਕਿ, "ਤੁਸਾਂ ਨੇ ਸਾਡੇ ਪਿਤਾ ਗੁਰੂ ਨਾਨਕ ਜੀ ਦਾ ਘਰ ਏਸੇ ਨਿਮਰਤਾ ਤੇ ਸੇਵਾ ਪ੍ਰੇਮ ਭਾਵ ਦੇ ਨਾਲ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਲੁੱਟ ਲਿਆ ਸੀ । ਅਸੀਂ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਹੁੰਦਿਆਂ ਹੋਇਆਂ ਵੀ ਖਾਲੀ ਰਹਿ ਗਏ । ਪਰ ਤੁਸਾ ਨਿਮਰਤਾ ਤੇ ਸੇਵਾ ਨਾਲ ਗੁਰ-ਗੱਦੀ ਪ੍ਰਾਪਤ ਕਰ ਲਈ। ਹੁਣ ਜੋ ਮੇਰੇ ਕੋਲ ਤਪੱਸਿਆ ਭਗਤੀ ਬਾਕੀ ਬਚੀ ਸੀ, ਅੱਜ ਤੁਸਾਂ ਨਿਮਰਤਾ ਭਾਵ ਕਰਕੇ ਮੇਰੇ ਕੋਲੋਂ ਉਹ ਵੀ ਲੈ ਲਈ ਹੈ । ਸੋ ਇਸ ਸਾਖੀ ਤੋਂ ਪਤਾ ਲੱਗਦਾ ਹੈ ਕਿ ਸਾਡੇ ਗੁਰੂ ਸਾਹਿਬ ਜੀ ਨਿਮਰਤਾ ਦੇ ਸਮੁੰਦਰ ਸਨ ।

ਭਾਈ ਗੁਰਦਾਸ ਜੀ ਵੀ ਗੁਰੂ ਆਸ਼ੇ ਨੂੰ ਆਪਣੀਆਂ ਵਾਰਾਂ ਵਿੱਚ ਪੇਸ਼ ਕਰਦੇ ਹਨ :

ਨਿਵ ਚਲਣੁ ਗੁਰ ਮਾਰਗੁ ਦਸੇ ॥੧੧॥ (ਵਾਰ ੪)
ਨਿਵ ਚਲੈ ਸੋ ਗੁਰੂ ਪਿਆਰਾ ॥੫॥ (ਵਾਰ ੪)
ਨੀਵਾਂ ਜਿਣੈ, ਉਚੇਰਾ ਹਾਰੇ ॥੬॥ (ਵਾਰ ੪)

ਨਿਮਰਤਾ ਦਾ ਗੁਣ ਇਕ ਉਤਮ ਗੁਣ ਹੈ ਤੇ ਗੁਰਸਿੱਖੀ ਮਾਰਗ ਦਾ ਧੁਰਾ ਹੈ ।

**ਬੀਬੀ ਜਸਵਿੰਦਰ ਕੌਰ ਧਾਲੀਵਾਲ ਬੇਟ**
ਮੁੱਖ ਸੇਵਾਦਾਰ, ਜ਼ਿਲਾ ਕਪੂਰਥਲਾ

## ਸੂਚਨਾ

"ਸਿੱਖ ਰਿਲੀਜਨ ਐਂਡ ਮੀਟ" ਦੇ ਟਾਈਟਲ ਨਾਲ ਛਪੀ ਪੁਸਤਕ 'ਸੂਰਾ ਮਾਸਿਕ ਪੱਤਰ' ਦੇ ਦਫ਼ਤਰ 'ਚ ਪੁੱਜੀ ਹੈ । ਇਹ ਕਿਤਾਬ ਕਰਨਲ ਬਰਜਿੰਦਰ ਸਿੰਘ ਜੀ ਵਲੋਂ ਬੜੇ ਹੀ ਖੋਜ ਭਰਪੂਰ ਤੱਤਾਂ ਦੇ ਆਧਾਰ ਤੇ ਅਮਗਰੇਜ਼ੀ ਵਿੱਚ ਛਪਵਾ ਕੇ ਪੰਥਕ ਸਫ਼ਾਂ 'ਚ ਪੇਸ਼ ਕੀਤੀ ਹੈ । 'ਸੂਰਾ ਪ੍ਰੀਵਾਰ' ਅੰਮ੍ਰਿਤਸਰ ਉਨ੍ਹਾਂ ਦੀ 'ਤੱਤ ਗੁਰਮਤਿ' ਪ੍ਰਤੀ ਕੀਤੀ ਖੋਜ ਤੇ ਵਧਾਈ ਪੇਸ਼ ਕਰਦਾ ਹੈ । ਕਰਨਲ ਜੀ ਦੀ ਖੋਜ ਭਰਪੂਰ ਇਹ ਪੁਸਤਕ ਦਾਸ ਨੇ ਬੜੀ ਨੀਝ ਨਾਲ ਪੜ੍ਹੀ ਅਤੇ ਦਾਸ ਪਾਠਕਾਂ ਦੀ ਜਾਣਕਾਰੀ ਲਈ ਇਸ ਪੁਸਤਕ ਵਿਚੋਂ ਕੁਝ ਤੱਤ ਪੇਸ਼ ਕਰਨ ਦੀ ਕੋਸ਼ਿਸ਼ ਕਰੇਗਾ ।

ਬਲਦੇਵ ਸਿੰਘ (ਸੰਪਾਦਕ)



www.AKJ.Org

# ਸੁਖਮਨੀ ਦਾ ਨੂਰ

ਕਾਵਿ-ਅਨੁਵਾਦ :
ਸ਼੍ਰੋਮਣੀ ਕਵੀ ਸ੍ਰ: ਅਨੂਪ ਸਿੰਘ ਜੀ ਨੂਰੀ
ਮੈਨੇਜਰ, ਗੁਰਦੁਆਰਾ ਬੇਬੇ ਨਾਨਕੀ ਜੀ, ਸੁਲਤਾਨ ਪੁਰ ਲੋਧੀ

## ਗਉੜੀ ਸੁਖਮਨੀ

### ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥

(ਲੜੀ ਜੋੜਨ ਲਈ 'ਅਕਤੂਬਰ' ੨੦੦੧ ਦਾ ਅੰਕ ਦੇਖੋ)



www.AKJ.Org

## ਅਨੁਵਾਦ

ਸਭ ਸ਼ਾਸਤ੍ਰ ਸਭ ਸਿੰਮ੍ਰਤੀਆਂ ਵੇਖੇ,
ਸਭ ਗਹੁ ਨਾਲ ਵਿਚਾਰੇ ॥
ਹਰੀ ਨਾਮ ਦੇ ਤੁਲ ਨਹੀਂ ਹਨ,
ਸਤਿਗੁਰ ਇਹ ਸਾਰੇ ਦੇ ਸਾਰੇ ॥



www.AKJ.Org

## ਅਸਟਪਦੀ

੧. ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
੨. ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
੩. ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
੪. ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
੫. ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥

✧✧✧

੧. ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥
ਮਹਾ ਉਦਾਸੁ ਤਪੀਸਰੁ ਥੀਵੈ ॥
੨. ਅਗਨਿ ਮਾਹਿ ਹੋਮਤ ਪਰਾਨ ॥
ਕਨਿਕ ਅਸ੍ਵ ਹੈ ਵਰ ਭੂਮਿ ਦਾਨ ॥
੩. ਨਿਉਲੀ ਕਰਮ ਕਰੈ ਬਹੁ ਆਸਨ ॥
ਜੈਨ ਮਾਰਗ ਸੰਜਮ ਅਤਿ ਸਾਧਨ ॥
੪. ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥
੫. ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥

✧✧✧



www.AKJ.Org

## ਅਨੁਵਾਦ

੧. ਜੇ ਕੋਈ ਪ੍ਰਾਨੀ ਮਨ ਚਿਤ ਲਾ ਕੇ, ਜਪ ਤਪ ਦੇ ਵਿੱਚ ਲਾਉਂਦਾ ਧਿਆਨ ॥
ਦੇਵਤਿਆਂ ਦੀ ਮਹਿਮਾ ਕਰਕੇ, ਕਰੇ ਸ਼ਾਸਤਰਾਂ ਦਾ ਵਖਿਆਨ ॥

੨. ਜੋਗ ਦੇ ਸਾਧਨ, ਧਰਮ ਦੇ ਬੰਧਨ, ਨੇਕੀ ਦਾ ਕਰਦਾ ਅਭਿਆਸ ॥
ਸੱਭ ਕੁਝ ਛੱਡ ਉਦਾਸੀ ਬਣ ਕੇ, ਜੰਗਲ ਜੰਗਲ ਫਿਰੇ ਉਦਾਸ ॥

੩. ਕਰਦਾ ਜਤਨ ਅਨੇਕ ਤਰ੍ਹਾਂ ਦੇ, ਬੰਦਾ ਪਾਵਣ ਲਈ ਭਗਵਾਨ ॥
ਹਵਨ ਕਰੇ ਘਿਉ ਅੱਗ 'ਚ ਸੜੇ, ਹੋਰ ਅਨੇਕ ਕਰੇ ਪੁੰਨ ਦਾਨ ॥

੪. ਆਪਣੇ ਤਨ ਦੇ ਟੁਕੜੇ ਕਰਕੇ, ਅੱਗ ਦੇ ਅੰਦਰ ਦੇਵੇ ਸਾੜ ॥
ਨਿਯਮ ਵਰਤ ਅਨੇਕਾਂ ਕਰਕੇ, ਉਸ ਦੀ ਭੇਟਾ ਦੇਵੇ ਚਾਹੜ ॥

੫. ਪ੍ਰਭੂ ਨਾਮ ਦੇ ਤੁਲ ਨਹੀਂ ਹਨ, ਐਪਰ ਇਹ ਸਾਰੇ ਵੀਚਾਰ ॥
ਸਤਿਗੁਰ ਦੇ ਸਨਮੁਖ ਹੋ ਪਿਆਰੇ, ਜੇਕਰ ਨਾਮ ਜਪੀਏ ਇਕ ਵਾਰ ॥

## ਅਨੁਵਾਦ

੧. ਪਾ ਕੇ ਉਮਰ ਜੇ ਲੰਬੀ ਪ੍ਰਾਨੀ, ਨੌਂ ਖੰਡਾਂ ਦੇ ਚੱਕਰ ਲਾਵੇ ॥
ਛੱਡ ਕੇ ਗ੍ਰਹਿਸਤ ਉਦਾਸੀ ਬਣ ਕੇ, ਤੱਪ ਵਿੱਚ ਆਪਣੀ ਸੁਰਤ ਟਿਕਾਵੇ ॥

੨. ਅੱਗ ਦੀ ਭੇਟ ਕਰੇ ਜਿੰਦ ਆਪਣੀ, ਵਾਰ ਦੇਵੇ ਕੋਈ ਆਪਣੀ ਜਾਨ ॥
ਸੋਨਾ, ਚਾਂਦੀ, ਹਾਥੀ, ਘੋੜੇ, ਭੋਏਂ ਵੀ ਕਰ ਦੇਵੇ ਦਾਨ ॥

੩. ਨਿਉਲੀ ਕ੍ਰਮ ਅਨੇਕਾਂ ਆਸਨ, ਕਰਕੇ ਇਹ ਤਨ ਖ਼ੂਬ ਤਪਾਵੇ ॥
ਜੈਨੀਆਂ ਵਰਗੇ ਔਖੇ ਸਾਧਨ, ਸੰਜਮ ਥੀਂ ਸਾਰੇ ਅਪਨਾਵੇ ॥

੪. ਤਨ ਆਪਣੇ ਦੇ ਟੁਕੜੇ ਟੁਕੜੇ, ਬੇਸ਼ਕ ਪਿਆਰੇ ਕੋਈ ਕਟਾਵੇ ॥
ਫਿਰ ਵੀ ਉਸ ਪ੍ਰਾਨੀ ਦੇ ਮਨ ਦੀ, ਹਉਮੈਂ ਮੈਲ ਨਾ ਉੱਕਾ ਜਾਵੇ ॥

੫. ਨਾਮ ਹਰੀ ਦੇ ਤੁਲ ਨਾ ਕੋਈ, ਪ੍ਰਭ ਦੀ ਮਹਿਮਾ ਕਹੀ ਨਾ ਜਾਵੇ ॥
ਸਿਮਰੇ ਨਾਮ ਜੋ ਪ੍ਰਭ ਦਾ ਸਤਿਗੁਰ, ਨੂਰੀ ਉਹ ਹੀ ਮੁਕਤੀ ਪਾਵੇ ॥

✧✧✧



www.AKJ.Org

# "ਉਹ ਹਮਲਾਵਰ ਨਹੀਂ ਮੇਰੇ ...........? -ਰਾਣੀ

ਉਹਨੀਂ ਦਿਨੀਂ ਜੰਮੂ ਤੋਂ ਲੈ ਕੇ ਅਸਾਮ ਤੱਕ ਨਿਕੀਆਂ ਨਿਕੀਆਂ ਰਿਆਸਤਾਂ ਸਨ ਜਿਨ੍ਹਾਂ ਵਿੱਚ ਮੁਗਲਾਂ ਦੇ ਬਾਜ ਗੁਜ਼ਾਰ ਪਹਾੜੀ ਰਾਜੇ ਰਾਜ ਕਰਦੇ ਸਨ । ਇਹ ਰਾਜੇ ਦਿੱਲੀ ਦੀ ਸਰਕਾਰ ਨੂੰ ਖਰਾਜ ਅਤੇ ਲੋੜ ਪੈਣ ਤੇ ਫੌਜੀ ਸਹਾਇਤਾ ਦੇਣ ਤੋਂ ਛੁੱਟ ਹਰ ਗੱਲ ਵਿੱਚ ਆਜ਼ਾਦ ਸਨ । ਆਪੋ ਵਿੱਚ ਲੜਦੇ ਵੀ ਸਨ ਅਤੇ ਸੁਲਾਹ ਵੀ ਕਰ ਲੈਂਦੇ ਸਨ । ਆਪੋ ਵਿੱਚ ਸ਼ਾਦੀਆਂ ਵੀ ਕਰਦੇ ਸਨ । ਅਤੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਵੀ ਹੋ ਉਠਦੇ ਸਨ । ਇਨ੍ਹਾਂ ਵਿਚੋਂ 'ਨਾਹਣ' ਦਾ ਰਾਜਾ ਮੇਦਨੀ ਪ੍ਰਕਾਸ਼ ਆਪਣੇ ਪੜੋਸੀ ਰਾਜੇ ਫਤਹ ਸ਼ਾਹ ਤੋਂ ਭੈ-ਭੀਤ ਰਹਿੰਦਾ ਸੀ, ਕਿਉਂਕਿ ਫਤਹ ਸ਼ਾਹ ਦੀ ਰਿਆਸਤ 'ਗੜਵਾਲ' 'ਨਾਹਣ' ਤੋਂ ਵੱਡੀ ਸੀ ਅਤੇ ਫਤਹ ਸ਼ਾਹ ਨੇ 'ਕਹਿਲੂਰ' ਦੇ ਰਾਜੇ ਭੀਮ ਚੰਦ ਨਾਲ ਰਿਸ਼ਤਾ ਕਰ ਕੇ ਆਪਣੇ ਆਪ ਨੂੰ ਵਧੇਰੇ ਸ਼ਕਤੀਸ਼ਾਲੀ ਬਣਾ ਲਿਆ ਸੀ । 'ਨਾਹਣ' ਦਾ ਰਾਜਾ ਮੇਦਨੀ ਪ੍ਰਕਾਸ਼ ਘਬਰਾ ਰਿਹਾ ਸੀ ਕਿ ਹੁਣ ਕੀ ਕਰੇ ? ਰਾਜਾ ਫਤਹ ਸ਼ਾਹ ਉਤੇ ਹਮਲਾ ਕਰਨ ਦੀ ਉਸ ਵਿੱਚ ਹਿੰਮਤ ਨਹੀਂ ਸੀ, ਅਤੇ ਇਹ ਵੀ ਡਰ ਸੀ ਕਿ ਜੇ ਆਪਣਾ ਇਲਾਕਾ ਇਵੇਂ ਹੀ ਚੁਪ-ਚਾਪ ਉਸ ਕੋਲ ਰਹਿਣ ਦਿੱਤਾ ਤਾਂ ਉਹ ਫੇਰ ਹੋਰ ਇਲਾਕੇ ਤੇ ਕਬਜ਼ਾ ਜਮਾ ਲੈਣਗੇ । ਇਵੇਂ ਤਾਂ ਹੌਲੀ ਹੌਲੀ ਸਾਰੀ 'ਨਾਹਣ' ਰਿਆਸਤ ਹੀ ਖਤਮ ਹੋ ਜਾਵੇਗੀ ।

ਬੜੀ ਸੋਚ ਮਗਰੋਂ, ਉਸ ਨੇ ਫ਼ੈਸਲਾ ਕੀਤਾ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਸਹਾਇਕ ਬਣਾਏਗਾ । ਪਰੰਤੂ ਗੁਰੂ ਗੋਬਿੰਦ ਸਿੰਘ ਜੀ ਤਾਂ ਕਿਸੇ ਰਿਆਸਤ ਦੇ ਮਾਲਕ ਸਨ ਨਹੀਂ । ਇਸ ਲਈ ਉਨ੍ਹਾਂ ਨਾਲ ਕਿਸੇ ਸਮਝੌਤੇ ਦਾ ਸਵਾਲ ਵੀ ਨਹੀਂ ਸੀ ਪੈਂਦਾ । ਫਿਰ ਉਹ ਉਹਨਾਂ ਨੂੰ ਆਪਣਾ ਸਹਾਇਕ ਬਣਾਏ ਤਾਂ ਕਿਵੇਂ ?

ਆਖਿਰ ਸੋਚ ਕੇ ਉਸ ਨੇ ਇਸ ਗੱਲ ਦਾ ਵੀ ਰਸਤਾ ਲੱਭ ਲਿਆ । ਉਸ ਨੇ ਗੁਰੂ ਮਹਾਰਾਜ ਜੀ ਨੂੰ ਸੰਦੇਸ਼ ਘੱਲਿਆ ਅਤੇ ਬੇਨਤੀ ਕੀਤੀ, "ਤੁਸੀਂ ਅਨੰਦਪੁਰ ਸਾਹਿਬ ਵਿਚ ਰਹਿੰਦੇ ਹੋ, ਕਦੀ ਨਾਹਨ ਰਾਜ ਵਿਚ ਪਧਾਰੋ, ਇਹ ਵੀ ਤੁਹਾਡਾ ਹੀ ਘਰ ਹੈ। ਤੁਸੀਂ ਜਿਥੇ ਚਾਹੋਗੇ, ਮੈਂ ਤੁਹਾਡੇ ਰਹਿਣ ਦਾ ਉਥੇ ਹੀ ਪ੍ਰਬੰਧ ਕਰ ਦੇਵਾਂਗਾ ।"

ਇਸ ਨਿੰਮੰਤ੍ਰਣ ਮਗਰੋਂ ਗੁਰੂ ਮਹਾਰਾਜ ਜੀ ਨਾਹਨ ਗਏ । ਜਮਨਾ ਦੇ ਕਿਨਾਰੇ ਇਕ ਬਹੁਤ ਉਚੀ ਅਤੇ ਸਿੱਧੀ ਚਿੱਟੀ ਚਟਾਨ ਨੂੰ ਉਹਨਾਂ ਨੇ ਪਸੰਦ ਕਰਕੇ ਉਥੇ ਰਹਿਣ ਦਾ ਫੈਸਲਾ ਕੀਤਾ ।

ਰਾਜਾ ਮੇਦਨੀ ਪ੍ਰਕਾਸ਼ ਨੇ ਉਥੇ ਕੁਝ ਮਕਾਨ ਬਣਵਾ ਦਿੱਤੇ ਅਤੇ ਬਾਕੀ ਮਕਾਨ ਗੁਰੂ ਮਹਾਰਾਜ ਜੀ ਦੇ ਉਥੇ ਰਹਿਣ ਦੇ ਕਾਰਨ ਆਪਣੇ ਆਪ ਹੀ ਬਣਨ ਲੱਗ ਪਏ । ਇਕ ਛੋਟਾ ਜਿਹਾ ਨਗਰ ਵੱਸ ਗਿਆ । ਗੁਰੂ ਮਹਾਰਾਜ ਜੀ ਨੇ ਉਸ ਦਾ ਨਾਂ ਰਖਿਆ 'ਪਾਉਂਟਾ' (ਪੈਰ ਰੱਖਣ ਦੀ ਥਾਂ)

ਪਰੰਤੂ ਅੱਜ ਇਸ 'ਪਾਉਂਟਾ' ਨੂੰ ਵੇਖ ਕੇ ਸਿਰ ਨਿਵਾਉਣ ਨੂੰ ਚਿੱਤ ਕਰਦਾ ਹੈ, ਕਿਉਂਕਿ ਇਸ ਧਰਤੀ ਦਾ ਕਣ ਕਣ ਗੁਰੂ ਮਹਾਰਾਜ ਜੀ ਦੇ ਚਰਨਾਂ ਨਾਲ ਪਵਿੱਤਰ ਹੋਇਆ ਹੈ । ਉਸ ਨੂੰ ਵੇਖ ਕੇ ਇਉਂ ਜਾਪਦਾ ਹੈ ਕਿ ਗੁਰੂ ਮਹਾਰਾਜ ਜੀ ਇਕ ਮਹਾਨ ਯੋਗੀ, ਇਕ ਮਹਾਨ ਮਹਾਤਮਾਂ ਅਤੇ ਮਹਾਂ ਪੁਰਸ਼ ਹੀ ਨਹੀਂ ਸਨ, ਸਗੋਂ ਇਕ ਬੇ-ਮਿਸਾਲ ਦੇਸ਼-ਭਗਤ, ਬੇ-ਮਿਸਾਲ ਸੂਝਵਾਨ ਅਤੇ ਬੇ-ਮਿਸਾਲ ਨੀਤੀਵਾਨ ਹੀ ਨਹੀਂ ਸਨ ਸਗੋਂ ਬਹੁਤ ਹੀ ਚੰਗੇ ਕਲਾਕਾਰ ਵੀ ਸਨ । ਉਹਨਾਂ ਦੀਆਂ ਅੱਖਾਂ ਜੰਗਲਾਂ, ਪਹਾੜਾਂ, ਪੱਥਰਾਂ ਅਤੇ ਚਟਾਨਾਂ ਵਿੱਚ ਵੀ ਸੁੰਦਰਤਾ ਭਾਲ ਸਕਦੀਆਂ ਸਨ, ਕਿ ਕਿਹੜੀ ਥਾਂ ਜਾਂ ਚੀਜ਼ ਸਭ ਤੋਂ ਵੱਧ ਸੁੰਦਰ ਹੈ । ਪਾਉਂਟਾ



www.AKJ.Org

ਨੂੰ ਵੇਖ ਕੇ ਉਸ ਮਹਾਂਪੁਰਸ਼ ਦੇ ਚਰਨਾ ਤੇ ਸੀਸ ਨਿਵਾਉਣ ਨੂੰ ਜੀ ਕਰਦਾ ਹੈ, ਜਿਸ ਨੇ ਉਸ ਥਾਂ ਨੂੰ ਆਪਣੇ ਨਿਵਾਸ ਲਈ ਚੁਣਿਆ। ਥੱਲੇ--ਬਹੁਤ ਥੱਲੇ ਆਕਾਸ਼ ਵਾਂਗੂੰ ਨੀਲੀ ਜਮਨਾ, ਪੱਥਰਾਂ ਨਾਲ ਖੇਡਦੀ, ਨੱਚਦੀ ਗਾਉਂਦੀ ਨੱਠਦੀ ਜਾ ਰਹੀ ਹੈ। ਉਸ ਦੇ ਕਿਨਾਰੇ ਤੇ ਇਕ ਦਮ ਕਿਲ੍ਹੇ ਦੀ ਦੀਵਾਰ ਵਾਘੂ ਸਿੱਧੀ ਚੱਟਾਨ ਹੈ--ਚਿੱਟੇ ਪੱਥਰ ਦੀ ਚੱਟਾਨ। ਉਪਰੋਂ ਇਤਨੀ ਵੱਡੀ ਕਿ ਇਕ ਫੌਜ ਉਥੇ ਛਾਉਣੀ ਪਾ ਕੇ ਰਹਿ ਸਕਦੀ ਹੈ। ਜਮਨਾ ਦੇ ਪਾਰਲੇ ਪਾਰ ਜੰਗਲ ਹੈ, ਪਹਾੜ ਹੈ। ਚੱਟਾਨ ਦੇ ਪਿਛਲੇ ਪਾਸੇ ਥੋੜ੍ਹਾ ਜਿਹਾ ਮੈਦਾਨ, ਫਿਰ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ।

ਇਸ 'ਪਾਉਂਟਾ' ਵਿੱਚ 'ਵੀਰ-ਰਸ' ਦੀ ਉਹ ਕਵਿਤਾ ਲਿਖੀ ਗਈ, ਜਿਸ ਨੇ ਇਕ ਸੁੱਤੇ ਹੋਏ ਦੇਸ਼ ਨੂੰ ਝੰਜੋੜ ਕੇ ਜਗਾ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਵੀਆਂ, ਵਿਦਵਾਨਾਂ, ਗਵੱਈਆਂ ਚਿਤ੍ਰਕਾਰਾਂ ਅਤੇ ਕਲਾਕਾਰਾਂ ਦੇ ਕਦਰਦਾਨ ਸਨ। ਖ਼ਾਸ ਕਰਕੇ ਉਹਨਾਂ ਕਵੀਆਂ ਅਤੇ ਵਿਦਵਾਨਾਂ ਦੇ ਜਿਹੜੇ ਆਪਣੇ ਦੇਸ਼ ਲਈ ਸੋਚਦੇ ਸਨ, ਉਹਨਾਂ ਮਜ਼ਲੂਮਾਂ ਲਈ ਸੋਚਦੇ ਸਨ ਜਿੰਨ੍ਹਾਂ ਨੂੰ ਹਲੂਣਾ ਦੇਣ ਤੇ ਜਾਗਣ ਅਤੇ ਅਨਰਥ ਤੇ ਅਨਿਆਂ ਦੇ ਵਿਰੁੱਧ, ਲੋਹੇ ਦੀ ਦੀਵਾਰ ਵਾਂਗੂ ਖੜਾ ਕਰਨ ਦੀ ਲੋੜ ਸੀ। ਦੇਸ਼ ਭਰ ਦੇ ਚੁਣੇ ਹੋਏ ਕਲਾਕਾਰ ਅਤੇ ਕਵੀ ਗੁਰੂ ਮਹਾਰਾਜ ਜੀ ਦੇ ਦਰਬਾਰ ਵਿਚ ਪਹੁੰਚ ਜਾਂਦੇ ਸਨ। ਹਰ ਕੋਈ ਜਾਣਦਾ ਸੀ ਕਿ ਕਲਾ ਦੀ ਕਦਰ ਗੁਰੂ ਜੀ ਦੇ ਦਰਬਾਰ ਵਿੱਚ ਹੀ ਹੁੰਦੀ ਹੈ। ਉਚ-ਕੋਟੀ ਦੇ ਪ੨ ਕਵੀ ਉਹਨਾਂ ਦੇ ਦਰਬਾਰ ਵਿੱਚ ਬਕਾਇਦਾ ਮੁਲਾਜ਼ਮ ਸਨ। ਬੱਧੀ ਤਨਖਾਹ ਤੋਂ ਛੁੱਟ ਉਹਨਾਂ ਨੂੰ ਪੁਰਸਕਾਰ ਵੀ ਮਿਲਦੇ ਸਨ ਅਤੇ ਉਪਹਾਰ ਵੀ।

ਜਮਨਾ ਦੇ ਕਿਨਾਰੇ ਤੇ, ਖੁੱਲ੍ਹੇ ਆਕਾਸ਼ ਥੱਲੇ, ਗੁਰੂ ਮਹਾਰਾਜ ਜੀ ਦੇ ਕਵੀ ਦਰਬਾਰ ਹੁੰਦੇ ਸਨ। ਗੁਰੂ ਜੀ ਆਪਣੀਆਂ ਕਵਿਤਾਵਾਂ ਸੁਣਾਉਂਦੇ ਅਤੇ ਸਰੋਤਿਆਂ ਦੀਆਂ ਰਗਾਂ ਵਿੱਚ ਖ਼ੂਨ ਉਬਲ ਉਠਦਾ, ਉਹਨਾਂ ਦੀਆਂ ਬਾਹਵਾਂ ਫਰਕ ਉਠਦੀਆਂ। ਗੁਰੂ ਮਹਾਰਾਜ ਜੀ ਦੀ ਇਸ ਕਵਿਤਾ ਦਾ ਵਰਨਣ ਅਗੇ ਚਲ ਕੇ ਕਰਾਂਗਾ। ਉਹਨਾਂ ਨੂੰ ਸੰਸਕ੍ਰਿਤ, ਫ਼ਾਰਸੀ, ਅਵਧੀ, ਬ੍ਰਿਜ ਭਾਸ਼ਾ, ਹਿੰਦੀ ਅਤੇ ਪੰਜਾਬੀ ਛੇ ਭਾਸ਼ਾਵਾਂ ਤੇ ਚੰਗੀ ਤਰ੍ਹਾਂ ਕਾਬੂ ਸੀ।ਉਹਨਾਂ ਦੀ ਕਲਮ ਵਿੱਚ ਜਾਨ ਸੀ, ਤਾਕਤ ਸੀ, ਅੱਗ ਸੀ, ਅੰਮ੍ਰਿਤ ਸੀ। ਅਜਿਹਾ ਰਸ ਸੀ, ਜਿਹੜਾ ਆਤਮਾ ਦੀਆਂ ਡੂੰਘਾਈਆਂ ਵਿੱਚ ਪ੍ਰਵੇਸ਼ ਕਰ ਜਾਂਦਾ ਸੀ। ਕਈ ਵਾਰ ਉਹ ਆਪਣੀ ਪਵਿੱਤਰ ਬਾਣੀ ਆਪਣੇ ਹੱਥ ਨਾਲ ਲਿਖਦੇ, ਬੜੇ ਸੁੰਦਰ ਸ਼ਬਦਾਂ ਵਿੱਚ। ਆਮ ਤੌਰ ''ਤੇ ਉਹ ਬੋਲਦੇ ਅਤੇ ਦੂਸਰੇ ਲੋਕੀਂ ਲਿਖੀ ਜਾਂਦੇ। ਪਰੰਤੂ ਉਹ ਕੇਵਲ ਰਜ਼ਮੀਆ ਸ਼ਾਇਰੀ ਤਾਂ ਨਹੀਂ ਸਨ ਕਰਦੇ, ਭਗਤੀ ਰਸ ਦੀਆਂ ਉਹ ਅਜਿਹੀਆਂ ਕਵਿਤਾਵਾਂ ਕਹਿੰਦੇ, ਜਿਨ੍ਹਾਂ ਨੂੰ ਪੜ੍ਹ ਕੇ ਅੱਜ ਵੀ ਆਤਮਾ ਦੀ ਦੁਨੀਆਂ ਵਿੱਚ ਰੌਸ਼ਨੀ ਦੇ ਮੁਨਾਰੇ ਜਗਮਗ ਕਰ ਉਠਦੇ ਹਨ। ਇਵੇਂ ਹੀ ਸ਼ਾਇਦ, ਉਹਨਾਂ ਨੇ ਉਹ ਮਹਾਨ ਪ੍ਰਾਰਥਨਾਂ ਲਿਖਵਾਈ ਜਿਸ ਨੂੰ ਆਪ ਗੁਰੂ ਮਹਾਰਾਜ ਜੀ ਨੇ 'ਅਕਾਲ ਉਸਤਤਿ' ਦਾ ਨਾਂ ਦਿੱਤਾ। ਇਸ ਪ੍ਰਾਰਥਨਾਂ ਨੂੰ ਲਿਖਵਾਂਦੇ ਸਮੇਂ ਜਦੋਂ ਉਹਨਾਂ ਕਿਹਾ :

"ਸਭ ਕਰਮ ਫੋਕਟ ਜਾਨ, ਸਭ ਧਰਮ ਨਿਹਫਲ ਮਾਨ ॥
ਬਿਨ ਏਕ ਨਾਮ ਆਧਾਰ, ਸਭ ਕਰਮ ਭਰਮ ਬੀਚਾਰ ॥"

ਇਹ ਜੋ ਕੁਝ ਅਸੀਂ ਕਰਦੇ ਹਾਂ, ਸਭ ਬੇਕਾਰ ਹੈ। ਇਹ ਸਾਰੇ ਧਰਮ ਬੇਕਾਰ ਹਨ, ਜੇਕਰ ਉਸ 'ਅਪਾਰ' ਦਾ ਨਾਮ ਨਹੀਂ ਲਿਆ, ਤਾਂ ਇਹ ਸਾਰੇ ਕਰਮ ਕੇਵਲ ਵਹਿਮ ਹਨ, ਉਹਨਾਂ ਦੀ ਕੋਈ ਅਸਲੀਅਤ ਨਹੀਂ ਅਤੇ ਅਚਾਨਕ ਉਹ 'ਹਰੀ, ਹਰੀ, ਹਰੀ' ਕਹਿਣ ਲੱਗ ਪਏ :

"ਜਲੇ ਹਰੀ, ਥਲੇ ਹਰੀ। ਪੁਰੇ ਹਰੀ, ਬਨੇ ਹਰੀ ॥
ਗਿਰੇ ਹਰੀ, ਗੁਫੇ ਹਰੀ। ਛਿਤੇ ਹਰੀ, ਨਭੇ ਹਰੀ ॥
ਈਹਾਂ ਹਰੀ, ਊਹਾਂ ਹਰੀ। ਜਿਮੀਂ ਹਰੀ, ਜਮਾਂ ਹਰੀ ॥


www.AKJ.Org

(ਪਾਣੀ ਵਿੱਚ ਹਰੀ, ਖੁਸ਼ਕੀ ਵਿੱਚ ਹਰੀ, ਜੰਗਲ ਵਿੱਚ ਹਰੀ, ਪਹਾੜ ਵਿੱਚ ਹਰੀ, ਗੁਫਾ ਵਿੱਚ ਹਰੀ, ਥੱਲੇ ਹਰੀ, ਉਪਰ ਹਰੀ, ਉੱਥੇ ਹਰੀ, ਜ਼ਮੀਨ ਤੇ ਹਰੀ, ਜ਼ਮਾਨੇ ਵਿੱਚ ਹਰੀ)

ਕਹਿੰਦੇ ਹੀ ਗਏ ਉਹ ਇਸ ਤਰ੍ਹਾਂ । ਜਿਵੇਂ ਪਿਆਰ ਦਾ ਕੋਈ ਸੋਮਾ ਫੁਟ ਪਿਆ ਹੋਵੇ ਅਤੇ ਪਿਆਰ ਕਰਨ ਵਾਲੇ ਨੂੰ ਸਿਵਾਏ ਆਪਣੇ ਹਰੀ ਦੇ ਹੋਰ ਕੁਝ ਦਿਖਾਈ ਨਾ ਦੇ ਰਿਹਾ ਹੋਵੇ । ਪਰ ਫਿਰ, ਉਹਨਾਂ 'ਹਰੀ ਹਰੀ' ਕਹਿਣਾ ਸ਼ੁਰੂ ਕਰ ਦਿੱਤਾ। ਉਹਨਾਂ ਦਾ 'ਹਰੀ' ਤਾਂ ਉਹਨਾਂ ਦੇ ਸਾਹਮਣੇ ਖਲੋਤਾ ਸੀ, ਫਿਰ ਘੜੀ ਮੁੜੀ 'ਹਰੀ ਹਰੀ' ਕਹਿਣ ਦੀ ਲੋੜ ਹੀ ਕੀ ਸੀ ? ਸਾਹਮਣੇ ਖਲੋਤੇ ਹੋਏ ਨੂੰ ਉਹ 'ਤੂ ਹੀ, ਤੂ ਹੀ' ਕਹਿਣ ਲੱਗ ਪਏ :

"ਜਲਸ ਤੁਹੀ ਥਲਸ ਤੁਹੀ । ਨਦਿਸ ਤੁਹੀ, ਨਦਸ ਤੁਹੀ ।
ਬ੍ਰਿਛਸ ਤੁਹੀ, ਪਤਸ ਤੁਹੀ । ਛਿਤਸ ਤੁਹੀ, ਉਰਧਸ ਤੁਹੀ ।
ਜ਼ਮੀਂ ਤੁਹੀ, ਜ਼ਮਾਂ ਤੁਹੀ । ਮਕੀਂ ਤੁਹੀ, ਮਕਾਂ ਤੁਹੀ ।

ਅਤੇ ਫਿਰ ਉਹ ਇਸ ਤੋਂ ਵੀ ਅੱਗੇ ਵਧੇ । ਜਲ, ਥਲ, ਜ਼ਮੀਂ, ਜ਼ਮਾਂ, ਮਕੀਂ, ਮਕਾਂ, ਸਭ ਉਹਨਾਂ ਲਈ ਵਿਅਰਥ ਹੋ ਗਏ। ਸਭ ਉਹਨਾਂ ਦੇ ਉਸ ਇਕ ਪ੍ਰੀਤਮ ਵਿਚ ਸਮੋ ਗਏ, ਜਿਹੜਾ ਇਸ ਸੰਸਾਰ ਦਾ ਕਰਤਾ ਅਤੇ ਪ੍ਰਵਰਦਗਾਰ ਹੈ । ਗੁਰੂ ਮਹਾਰਾਜ ਆਪਣੀ ਹੋਂਦ ਨੂੰ ਭੁੱਲ ਗਏ ਅਤੇ ਸੰਸਾਰ ਦੀ ਸਭ ਤੋਂ ਵੱਧ ਸੁੰਦਰ ਕਵਿਤਾ ਲਿਖਾਉਂਦੇ ਹੋਏ, ਕਹਿਣ ਲਗੇ :

ਤੁਹੀ ਤੁਹੀ, ਤੁਹੀ ਤੁਹੀ ।
ਤੁਹੀ ਤੁਹੀ, ਤੁਹੀ ਤੁਹੀ ।
ਤੁਹੀ ਤੁਹੀ, ਤੁਹੀ ਤੁਹੀ ।
ਤੁਹੀ ਤੁਹੀ, ਤੁਹੀ ਤੁਹੀ ।

ਮੈਂ ਇਸ ਨੂੰ ਸੰਸਾਰ ਦੀ ਸਭ ਤੋਂ ਸੁੰਦਰ ਕਵਿਤਾ ਕਿਹਾ ਹੈ, ਪਰ ਇਸ ਦੀ ਸੁੰਦਰਤਾ ਨੂੰ ਹਰ ਕੋਈ ਤਾਂ ਸਮਝ ਨਹੀਂ ਸਕਦਾ । ਕੇਵਲ ਉਹ ਹੀ ਸਮਝ ਸਕਦਾ ਹੈ ਜਿਹੜਾ ਧਿਆਨ ਦੀ ਉਸ ਸਿਖਰ ਤੇ ਪੁੱਜਾ ਹੋਵੇ, ਜਿਥੇ ਜਾ ਕੇ 'ਮੈਂ ਮੈਂ' ਖਤਮ ਹੋ ਜਾਂਦੀ ਹੈ ਅਤੇ 'ਤੂੰ ਤੂੰ' ਹੀ ਰਹਿ ਜਾਂਦੀ ਹੈ । ਇਸੇ ਸਿਖਰ ਤੇ ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਤੇਰਾ, ਤੇਰਾ, ਤੇਰਾ' ਕਹਿੰਦਿਆਂ ਸਾਰਾ ਮੋਦੀਖਾਨਾ ਲੁਟਾ ਦਿੱਤਾ ਸੀ । ਇਸੇ ਸਿਖਰ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹੁੰਚੇ ਤਾਂ ਉਹਨਾਂ ਦੀਆਂ ਅੱਖਾਂ ਬੰਦ ਹੋ ਗਈਆਂ, ਬੁਲ੍ਹ ਬੰਦ ਹੋ ਗਏ, ਕੇਵਲ ਰੂਹ ਦੀਆਂ ਡੂੰਘਾਈਆਂ ਵਿਚੋਂ ਇਕ ਆਵਾਜ਼ ਗੂੰਜਦੀ ਰਹੀ 'ਤੁਹੀ, ਤੁਹੀ, ਤੁਹੀ'। ਅਤੇ ਲਗਾਤਾਰ ਸੋਲਾਂ ਘੰਟੇ ਇਵੇਂ ਹੀ ਬੈਠੇ ਰਹੇ ।

ਪਰੰਤੂ ਇਸ ਕਹਾਣੀ ਦੇ ਆਰੰਭ ਦਾ ਆਦਿ ਨਾਲ ਕੋਈ ਵਾਸਤਾ ਨਹੀਂ ।

ਆਦਿ ਸੰਬੰਧੀ ਗੱਲ ਵੀ ਸੁਣੋ :-

ਮੇਦਨੀ ਪ੍ਰਕਾਸ਼ ਗੁਰੂ ਮਹਾਰਾਜ ਜੀ ਨੂੰ ਆਪਣੇ ਰਾਜ ਵਿੱਚ ਇਸ ਲਈ ਲਿਆਇਆ ਸੀ ਤਾਂ ਜੋ ਰਾਜਾ ਫਤਹ ਚੰਦ ਦੱਬ ਜਾਏ। ਉਸ ਦੀ ਇੱਛਾ ਪੂਰੀ ਹੋ ਗਈ । ਫਤਹਿ ਚੰਦ ਨੇ ਜਦ ਤੱਕਿਆ ਕਿ ਮੇਦਨੀ ਪ੍ਰਕਾਸ਼ ਨੂੰ ਗੁਰੂ ਮਹਾਰਾਜ ਜੀ ਦੀ ਸਹਾਇਤਾ ਮਿਲ ਗਈ ਹੈ ਤਾਂ ਉਸ ਨੇ ਨਾਹਨ ਰਾਜ ਦਾ ਆਪਣੇ ਕਬਜ਼ੇ ਵਿੱਚ ਲਿਤਾ ਹੋਇਆ ਇਲਾਕਾ ਖਾਲੀ ਕਰ ਦਿੱਤਾ । ਪਰ ਮੇਦਨੀ ਪ੍ਰਕਾਸ਼ ਇਸ ਤੋਂ ਮਗਰੋਂ ਗੁਰੂ ਮਹਾਰਾਜ ਜੀ ਦੇ ਪਾਸ ਆਇਆ ਹੀ ਨਹੀਂ । ਅਜਿਹੇ ਲੋਕ ਵੀ ਦੁਨੀਆਂ ਵਿੱਚ ਹੁੰਦੇ ਹਨ ।

ਪਾਉਂਟਾ ਤੋਂ ਲਗ ਭਗ ਦਸ ਮੀਲ ਦੂਰ 'ਸਾਢੌਰਾ' ਹੈ । ਉਥੇ ਇਕ ਮਹਾਤਮਾ ਪੀਰ ਬੁੱਧੂ ਸ਼ਾਹ ਜੀ ਰਹਿੰਦੇ ਸਨ । ਕਿਤਨੇ ਹੀ



www.AKJ.Org

ਧਰਮ ਦੀਆਂ ਪੁਸਤਕਾਂ ਉਹਨਾਂ ਨੇ ਪੜ੍ਹੀਆਂ, ਕਾਫ਼ੀ ਪੂਜਾ ਬੰਦਗੀ ਕੀਤੀ । ਕਿਤਨੇ ਹੀ ਅਜਿਹੇ ਲੋਕਾਂ ਨੂੰ ਮਿਲੇ, ਜਿੰਨ੍ਹਾਂ ਦਾ ਦਾਅਵਾ ਸੀ ਕਿ ਉਹ ਰੂਹ ਦੇ ਭੇਦ ਨੂੰ ਜਾਣਦੇ ਹਨ, ਪਰੰਤੂ ਇਤਨਾ ਕੁਝ ਕਰਨ ਤੋਂ ਬਾਅਦ ਵੀ ਉਹਨਾਂ ਦੇ ਮਨ ਨੂੰ ਸ਼ਾਂਤੀ ਨਸੀਬ ਨਹੀਂ ਹੋਈ । ਉਹਨਾਂ ਨੂੰ ਇਉਂ ਭਾਸਦਾ ਸੀ ਕਿ ਜਿਵੇਂ ਕੁਝ ਕਮੀ ਹੋਵੇ । ਕੋਈ ਅਜਿਹਾ ਖਲਾਅ ਪ੍ਰਤੀਤ ਹੁੰਦਾ ਜਿਹੜਾ ਭਰਿਆ ਹੀ ਨਹੀਂ ਸੀ ਜਾਂਦਾ ਤੇ ਊਣਾ ਊਣਾ ਹੀ ਰਹਿੰਦਾ ਸੀ । ਗੁਰੂ ਗੋਬਿੰਦ ਸਿੰਘ ਜੀ ਉਹਨੀਂ ਦਿਨੀਂ ਪਾਉਂਟਾ ਵਿਖੇ ਹੀ ਸਨ । ਪੀਰ ਬੁੱਧੂ ਸ਼ਾਹ ਪਾਲਕੀ ਤੇ ਬੈਠ ਕੇ ਆਪਣੇ ਮੁਰੀਦਾਂ ਸਮੇਤ ਉਥੇ ਪੁੱਜੇ । ਪਾਲਕੀ ਤੋਂ ਉਤਰੇ ਤਾਂ ਗੁਰੂ ਜੀ ਨੂੰ ਝੁਕ ਕੇ ਸਲਾਮ ਨਾ ਕੀਤਾ । ਉਹ ਉਮਰੋਂ ਗੁਰੂ ਜੀ ਤੋਂ ਵੱਡੇ ਸਨ ਅਤੇ ਫਿਰ ਉਹਨਾਂ ਦੇ ਮੁਰੀਦ ਵੀ ਖੜੇ ਵੇਖ ਰਹੇ ਸਨ, ਝੁਕਦੇ ਕਿਵੇਂ ? ਗੁਰੂ ਜੀ ਆਪ ਹੀ ਉਠੇ, ਅੱਗੇ ਵਧ ਕੇ ਉਹਨਾਂ ਨੇ ਪੀਰ ਜੀ ਦਾ ਸਵਾਗਤ ਕੀਤਾ । ਉਹਨਾਂ ਨੂੰ ਆਪਣੇ ਕੋਲ ਬਿਠਾਇਆ ਅਤੇ ਪਿਆਰ ਨਾਲ ਬੋਲੇ, 'ਫੁਰਮਾਉ, ਮੈਂ ਤੁਹਾਡੀ ਕੀ ਸੇਵਾ ਕਰਾਂ ?'

ਫੇਰ ਪੀਰ ਸਾਹਿਬ ਨੂੰ ਪਤਾ ਲੱਗਾ ਕਿ ਜਿਸ ਆਦਮੀ ਦੇ ਸਾਹਮਣੇ ਉਹ ਬੈਠੇ ਹੋਏ ਹਨ, ਉਹ ਕਿਤਨੀ ਮਹਾਨ ਆਤਮਕ ਸ਼ਕਤੀ ਦੇ ਮਾਲਿਕ ਹਨ ? ਉਹਨਾਂ ਦੇ ਪਾਸ ਬੈਠਣ ਨਾਲ ਹੀ ਮਨ ਨੂੰ ਸ਼ਾਂਤੀ ਮਿਲ ਰਹੀ ਸੀ । ਰੂਹਾਨੀਅਤ ਦੀ ਰੌਸ਼ਨੀ ਉਹਨਾਂ ਦੀਆਂ ਅੱਖਾਂ ਵਿਚੋਂ ਨਿਕਲ ਕੇ ਹਰ ਪਾਸੇ ਫੈਲਦੀ, ਹਰ ਕਿਸੇ ਨੂੰ ਆਪਣੇ ਸੀਨੇ ਨਾਲ ਲਾਂਦੀ ਪ੍ਰਤੀਤ ਹੁੰਦੀ ਸੀ । ਪੀਰ ਸਾਹਿਬ ਨੂੰ ਇਉਂ ਜਾਪਿਆ ਜਿਉਂ ਉਹਨਾਂ ਦੇ ਸਾਰੇ ਸ਼ੰਕੇ ਦੂਰ ਹੋ ਗਏ ਹਨ । ਉਹਨਾਂ ਦੇ ਸਾਰੇ ਪ੍ਰਸ਼ਨਾਂ ਦਾ ਉਤਰ ਮਿਲ ਗਿਆ ਹੋਵੇ । ਹੁਣ ਕੁਛ ਪੁੱਛਣਾ ਬਾਕੀ ਨਾ ਰਹਿ ਗਿਆ ਹੋਵੇ । ਪਰ ਉਹ ਇਤਨੀ ਦੂਰੋਂ ਆਏ ਸਨ, ਕਿਤਨੇ ਹੀ ਲੋਕਾਂ ਨੂੰ ਨਾਲ ਲੈ ਕੇ, ਕੁਝ ਨਾ ਕੁਝ ਤਾਂ ਪੁੱਛਣਾ ਹੀ ਚਾਹੀਦਾ ਹੈ । ਇਸ ਲਈ ਬੋਲੇ, "ਆਦਮੀ ਖ਼ੁਦਾ ਨੂੰ ਕਿਵੇਂ ਮਿਲੇ ?"

ਗੁਰੂ ਮਹਾਰਾਜ ਨੇ ਉਤਰ ਦਿੱਤਾ, "ਜਿਵੇਂ ਰਾਤ ਦਿਨ ਨੂੰ ਮਿਲਦੀ ਹੈ ।"

ਪੀਰ ਸਾਹਿਬ ਬੋਲੇ, "ਰਾਤ ਜਦ ਦਿਨ ਨੂੰ ਮਿਲਦੀ ਹੈ ਤਾਂ ਰਹਿੰਦੀ ਹੀ ਨਹੀਂ ।"

ਗੁਰੂ ਮਹਾਰਾਜ ਜੀ ਨੇ ਕਿਹਾ, "ਤੁਸੀਂ ਠੀਕ ਸਮਝੇ । ਜਦ ਤੱਕ 'ਮੈਂ' ਮੌਜੂਦ ਹੈਤਦ ਤਕ ਖ਼ੁਦਾ ਮਿਲੇਗਾ ਨਹੀਂ ।ਇਸ ਖ਼ੁਦੀ ਅਤੇ ਹੰਕਾਰ ਨੂੰ ਖ਼ਤਮ ਕਰਨ ਮਗਰੋਂ ਹੀ ਉਸ ਦੇ ਦਰਸ਼ਨ ਹੁੰਦੇ ਹਨ ਅਤੇ 'ਉਹ' ਹੀ ਰਹਿ ਜਾਂਦਾ ਹੈ । 'ਮੈਂ' ਦੀ ਕਦੀ ਹੋਂਦ ਨਹੀਂ ਰਹਿ ਜਾਂਦੀ, ਦਿਨ ਹੀ ਦਿਨ ਰਹਿ ਜਾਂਦਾ ਹੈ, ਰਾਤ ਖਤਮ ਹੋ ਜਾਂਦੀ ਹੈ ।

ਅਤੇ ਸੱਯਦ ਬੁੱਧੂ ਸ਼ਾਹ ਨੂੰ ਇਉਂ ਜਾਪਿਆ ਜਿਉਂ ਚਾਰੇ ਪਾਸੇ ਰੌਸ਼ਨੀ ਹੀ ਰੌਸ਼ਨੀ ਹੋ ਗਈ ਹੋਵੇ । ਹਨੇਰਾ ਦੂਰ ਹੋ ਗਿਆ ਹੋਵੇ । ਕੁਝ ਦੇਰ ਪਹਿਲਾਂ ਉਹ ਇਸ ਛੋਟੇ ਜਿਹੇ ਗੋਬਿੰਦ ਨੂੰ ਸਲਾਮ ਕਰਨਾ ਆਪਣੀ ਸ਼ਾਨ ਦੇ ਵਿਰੁੱਧ ਸਮਝਦਾ ਸੀ ਪਰ ਉਹ ਉਠ ਕੇ ਗੁਰੂ ਜੀ ਦੇ ਚਰਨਾਂ ਉਤੇ ਝੁਕ ਗਿਆ । ਗੁਰੂ ਮਹਾਰਾਜ ਜੀ ਨੇ ਉਹਨਾਂ ਨੂੰ ਝੱਟ ਪੱਟ ਉਠਾ ਕੇ ਆਪਣੇ ਸੀਨੇ ਨਾਲ ਲਾ ਲਿਆ ਅਤੇ ਫੇਰ ਆਪਣੇ ਪਾਸ ਬਿਠਾ ਲਿਆ । ਕਾਫੀ ਦੇਰ ਮਗਰੋਂ ਪੀਰ ਬੁੱਧੂ ਸ਼ਾਹ ਵਾਪਸ 'ਸਾਢੌਰਾ' ਵਿਖੇ ਮੁੜੇ ਤਾਂ ਇਉਂ ਜਿਉਂ ਰੌਸ਼ਨੀ ਦੇ ਕਿਸੇ ਸਾਗਰ ਵਿਚ ਤਰਦੇ ਹੋਏ ਜਾ ਰਹੇ ਹੋਣ ।

(ਧੰਨਵਾਦ ਸਹਿਤ 'ਯੁਗ ਪੁਰਸ਼' ਵਿਚੋਂ)

ਚਲਦਾ

✦✧✦



www.AKJ.Org

## ਅੰਮ੍ਰਿਤ ਪਾਨ ਕਰ ਲਓ

ਭਾਗਾਂ ਵਾਲਿਓ, ਅੰਮ੍ਰਿਤਪਾਨ ਕਰ ਲਓ, ਬੀਤ ਗਏ ਦਿਨ ਮੁੜਕੇ ਆਵਣੇ ਨਹੀਂ ।
ਜਿਹੜੇ ਗੁਰੂ ਦੀ ਸ਼ਰਨ ਨੇ ਲੈ ਲੈਂਦੇ, ਜਮ ਕੰਕਰਾਂ ਵੱਸ ਉਹ ਜਾਂਵਦੇ ਨਹੀਂ ।
ਨਸ਼ੇ ਚੰਦਰੇ, ਭੈੜੇ ਵਿਕਾਰਾਂ ਦੇ ਵਿੱਚ, ਵਹਿਮਾ ਭਰਮਾਂ 'ਚ ਦਿਨ ਬਿਤਾ ਰਹੇ ਹੋ ।
'ਨਿਸ਼ਾਨ' ਹੀਰੇ ਜਿਹਾ ਜਨਮ ਜੋ ਰੱਬ ਦਿੱਤਾ, ਕਿਉਂ ਕੌਡੀ ਦੇ ਭਾਅ ਗੁਆ ਰਹੇ ਹੋ ?

## ਫਾਰਮੈਲਿਟੀ

ਗੁਰਦਾਸ ਲਾਲ ਓਏ ਜਾਉ ਉਸ ਅੰਦਰ, ਪਾਠੀ ਮੂੰਹ 'ਚ ਬੁੜ ਬੁੜ ਨਾ ਕਰੀ ਜਾਵੇ ।
ਵਾਂਗ ਆਪਣੇ ਬਾਬਾ 'ਨਿਸ਼ਾਨ' ਸੌਂਹ ਵੀ, ਫਾਰਮੈਲਟੀ ਪੂਰੀ ਨਾ ਕਰੀ ਜਾਵੇ ।
ਅਗਰਬੱਤੀ ਵੀ ਕਿਤੇ ਨਾ ਬੁਝ ਜਾਵੇ, ਬਗੈਰ ਘਿਓ ਦੇ ਜੋਤ ਨਾ ਸੜੀ ਜਾਵੇ ।
'ਗੰਡੀ ਵਿੰਡੀਆ' ਬਾਪੂ ਨਾ ਸੁਣੇ ਬਾਣੀ, ਟੀ.ਵੀ. ਵੇਖਦਾ ਹੀ ਹੁਕਮ ਕਰੀ ਜਾਵੇ ।

## ਗੁਰਮਤਿ ਬਾਝੋਂ ਕੱਚੇ

ਹਾਂ, ਭਾਈ ਸਿੱਖਾ, ਹਾਂ ਭਾਈ ਸਿੱਖਾ, ਅਸੀਂ ਬੜੇ ਹਾਂ ਸੱਚੇ ।
ਵਿਹੜੇ ਵਿਹੜੇ ਗੁਰਦੁਆਰੇ, ਓਹ ਵੀ ਸੋਹਣੇ ਪੱਕੇ ।
ਜਾਤਾਂ-ਗੋਤਾਂ ਤੇ ਨਾ ਅਸੀਂ ਰੱਖੇ, ਓਹ ਵੀ ਅੱਛੇ ਅੱਛੇ ।
ਪਰ 'ਨਿਸ਼ਾਨ' ਦੇ ਵਾਂਗੂ ਅਸੀਂ, ਗੁਰਮਤਿ ਬਾਝੋਂ ਕੱਚੇ ।

## ਚੌਧਰ ਛੱਡਣੀ ਨਹੀਂ

ਗੁਰੂ ਘਰ ਦੀ ਚੌਧਰ ਛੱਡਣੀ ਨਹੀਂ, ਲੋੜ ਪਈ ਤਾਂ ਗਾਤਰਾ ਪਾ ਲਾਂਗੇ ।
ਸਿੱਖ ਬਣ ਕੇ ਕਰਾਂਗੇ ਬਦ-ਨੀਤੀ, ਪੀਣ ਲੱਗਿਆਂ ਗਾਤਰਾ ਲਾਹ ਲਾਂਗੇ ।
'ਨਿਸ਼ਾਨ' ਰਾਤ ਨੂੰ ਬਣਾਂਗੇ ਗਧੇ ਅਸੀਂ, ਬਾਣਾ ਸ਼ੇਰ ਦਾ ਦਿਨ ਨੂੰ ਪਾ ਲਾਂਗੇ ।
'ਗੰਡੀ ਵਿੰਡੀਆ' ਗੁਰੂ ਦਾ ਵਿਗੜਨਾ ਕੀ ? ਜੀਵਨ ਆਪਣਾ ਨਰਕ ਬਣਾ ਲਾਂਗੇ ।

ਨਿਸ਼ਾਨ ਸਿੰਘ ਗੰਡੀਵਿੰਡ



www.AKJ.Org

# ਪਿਆਰ

'ਪਿਆਰ' ਪ੍ਰਭੂ ਦੀ ਮਨੁੱਖੀ ਜੀਵਨ ਨੂੰ ਉਹ ਬਹੁ-ਮੁੱਲੀ ਦੇਣ ਹੈ, ਜਿਸ ਦਾ ਕੋਈ ਵੀ ਮਨੁੱਖ ਮੁੱਲ ਨਹੀਂ ਪਾ ਸਕਦਾ । ਪਿਆਰ ਉਹ ਚੀਜ਼ ਹੈ, ਜਿਸ ਨੂੰ ਨਾ ਤਾਂ ਕੋਈ ਮਨੁੱਖ ਖ਼ਰੀਦ ਸਕਦਾ ਹੈ, ਨਾ ਪਿਆਰ ਕਿਸੇ ਤੋਂ ਜ਼ਬਰਦਸਤੀ ਹਾਸਿਲ ਹੋ ਸਕਦਾ ਹੈ ਅਤੇ ਨਾ ਹੀ ਪਿਆਰ ਮੰਗਿਆਂ ਕਿਸੇ ਤੋਂ ਮਿਲਦਾ ਹੈ । ਪਿਆਰ ਉਦੋਂ ਹੀ ਹਾਸਿਲ ਹੁੰਦਾ ਹੈ ਜਦੋਂ ਪ੍ਰਭੂ ਮਨੁੱਖ ਦੇ ਅੰਦਰ ਵੱਸ ਜਾਂਦਾ ਹੈ । ਜਦੋਂ ਕੋਈ ਮਨੁੱਖ ਆਪਣੇ ਮਨ ਨੂੰ ਪ੍ਰਭੂ ਨਾਲ ਜੋੜ ਲੈਂਦਾ ਹੈ ਤਾਂ ਮਨੁੱਖ ਨੂੰ ਆਪਣੇ ਅੰਦਰੋਂ ਹੀ ਪ੍ਰਭੂ ਦਾ ਜਲਵਾ ਨਜ਼ਰ ਆ ਜਾਂਦਾ ਹੈ ਤੇ ਪਿਆਰ ਅਪਣੇ ਆਪ ਹੀ ਇਨਸਾਨ ਦੇ ਅੰਦਰੋਂ ਪੈਦਾ ਹੋ ਜਾਂਦਾ ਹੈ ਅਤੇ ਇਨਸਾਨ ਨੂੰ ਦੁਨੀਆਂ ਅੰਦਰ ਚਾਰੇ ਪਾਸੇ ਪਿਆਰ ਹੀ ਪਿਆਰ ਨਜ਼ਰ ਆਉਂਦਾ ਹੈ ।

ਪ੍ਰਭੂ ਹਰੇਕ ਵਿਅਕਤੀ ਜਾਂ ਇੰਝ ਕਹਿ ਲਵੋ ਕਿ ਹਰੇਕ ਜੀਵ ਅੰਦਰ ਵੱਸਦਾ ਹੈ । ਜੇਕਰ ਮਨੁੱਖ ਨੂੰ ਆਪਣੇ ਅੰਦਰ ਪ੍ਰਭੂ ਦਾ ਜਲਵਾ ਨਜ਼ਰ ਆ ਜਾਵੇ ਤਾਂ ਉਸ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਸੰਸਾਰ ਦੇ ਸਾਰੇ ਜੀਵਾਂ ਅੰਦਰ ਉਸੇ ਅਕਾਲ-ਪੁਰਖ ਦਾ ਵਾਸਾ ਹੈ ਅਤੇ ਉਸ ਦੀ ਇਸ ਨਾਤੇ ਸਾਰੇ ਜੀਵਾਂ ਨਾਲ ਸਾਂਝ ਹੈ । ਫਿਰ ਉਸ ਨੂੰ ਕਦੇ ਇਹ ਮਹਿਸੂਸ ਨਹੀਂ ਹੋਵੇਗਾ ਕਿ ਕੋਈ ਉਸ ਦਾ ਦੁਸ਼ਮਣ ਹੈ ਜਾਂ ਵੈਰੀ । ਉਹ ਸਭ ਨੂੰ ਪਿਆਰ ਹੀ ਕਰੇਗਾ ਤੇ ਜੇ ਕੋਈ ਮਨੁੱਖ ਸਭ ਨੂੰ ਪਿਆਰ ਹੀ ਕਰਦਾ ਹੈ ਤਾਂ ਉਸ ਦਾ ਫਿਰ ਦੁਸ਼ਮਣ ਕੌਣ ਹੋਵੇਗਾ ? ਕੋਈ ਨਹੀਂ, ਕਿਉਂਕਿ ਸਭ ਨੂੰ ਪਿਆਰ ਕਰਨ ਵਾਲੇ ਨੂੰ ਸਾਰੇ ਪਿਆਰ ਹੀ ਕਰਦੇ ਹਨ । ਪਿਆਰ ਵੰਡਿਆਂ ਘੱਟਦਾ ਨਹੀਂ ਸਗੋਂ ਵਧਦਾ ਹੈ । ਜਿੰਨਾ ਕਿਸੇ ਨੂੰ ਪਿਆਰ ਦੇਈਏ, ਸ਼ਾਇਦ ਉਸ ਤੋਂ ਕਿਤੇ ਵੱਧ ਮਿਲਦਾ ਹੈ।

ਹਰੇਕ ਇਨਸਾਨ ਅੰਦਰ ਪਾਪ ਤੇ ਗੁਨਾਹ ਛੁਪੇ ਹੁੰਦੇ ਹਨ । ਇਨਸਾਨ ਅੰਦਰ ਸਾਰੇ ਪਾਪਾਂ ਅਤੇ ਗੁਨਾਹਾਂ ਦਾ ਮੁੱਖ ਕਾਰਨ ਹੈ, ਇਨਸਾਨ ਦਾ ਮਤਲਬੀ ਤੇ ਸੁਆਰਥੀ ਹੋਣਾ । ਉਹ ਇਨਸਾਨ, ਇਨਸਾਨ ਹੀ ਨਹੀਂ ਜੋ ਸਿਰਫ ਆਪਣੇ ਹੀ ਸੁੱਖ ਅਤੇ ਆਰਾਮ ਦਾ ਖਿਆਲ ਰੱਖਦਾ ਹੈ ਅਤੇ ਉਹ ਇਹ ਭੁੱਲ ਹੀ ਜਾਂਦਾ ਹੈ ਕਿ ਆਪਣੇ ਸੁਆਰਥ ਲਈ ਉਹ ਕਿਤਨੇ ਲੋਕਾਂ ਦੀ ਜ਼ਿੰਦਗੀ ਅਤੇ ਖੁਸ਼ੀ ਬਰਬਾਦ ਕਰ ਰਿਹਾ ਹੈ । ਜਿਸ ਬੰਦੇ ਨੂੰ ਕਿਸੇ ਦੀ ਜ਼ਿੰਦਗੀ ਦਾ ਵੀ ਖਿਆਲ ਨਹੀਂ, ਉਹ ਕਿਸੇ ਨੂੰ ਕੀ ਪਿਆਰ ਕਰੇਗਾ ? ਤੇ ਕਿਸੇ ਤੋਂ ਕੀ ਪਿਆਰ ਪਾਵੇਗਾ ? ਜਦੋਂ ਇਨਸਾਨ ਦੇ ਅੰਦਰ ਸੁਆਰਥ ਪੈਦਾ ਹੋ ਜਾਂਦਾ ਹੈ, ਉਦੋਂ ਉਸ ਦੇ ਅੰਦਰੋਂ ਪਿਆਰ ਖ਼ਤਮ ਹੋ ਜਾਂਦਾ ਹੈ ।

ਪਿਆਰ ਹੀ ਜ਼ਿੰਦਗੀ ਦਾ ਅਸਲ ਮਕਸਦ ਹੈ । ਪਿਆਰ ਨਾਲ ਹੀ ਸਾਰਾ ਜਗ ਜਿਉਂਦਾ ਹੈ । ਜਿਸ ਕਿਸਮ ਦਾ ਵਿਚਾਰ ਤੁਹਾਡੇ ਮਨ ਅੰਦਰੋਂ ਨਿਕਲਦਾ ਹੈ, ਉਸ ਦਾ ਜੁਆਬ ਤੁਹਾਨੂੰ ਉਸੇ ਤਰ੍ਹਾਂ ਦੇ ਵਿਚਾਰਾਂ ਨਾਲ ਮਿਲੇਗਾ । ਮਨੁੱਖ ਤਾਂ ਇਕ ਪਾਸੇ, ਮਨੁੱਖ ਦੇ ਅੰਦਰੂਨੀ ਉਠਦੇ ਖ਼ਿਆਲਾਂ ਦਾ ਅਸਰ ਪਸ਼ੂਆਂ ਉਪਰ ਵੀ ਹੁੰਦਾ ਹੈ ਤੇ ਸ਼ਾਇਦ ਫੁੱਲ ਬੂਟਿਆਂ ਉਪਰ ਵੀ । ਤੁਹਾਡੀ ਇਕ ਪਿਆਰ ਦੀ ਨਿਗਾਹ ਜਿਥੇ ਮਨੁੱਖਾਂ ਦੇ ਹਿਰਦਿਆਂ ਵਿੱਚ ਖੁਸ਼ੀ ਪੈਦਾ ਕਰਦੀ ਹੈ, ਉਸ ਦੇ ਨਾਲ ਉਹੀ ਪਿਆਰ ਭਰੀ ਨਿਗਾਹ ਪਸ਼ੂ ਪੰਛੀਆਂ ਅੰਦਰ ਵੀ ਇਕ ਖੁਸ਼ੀ ਦੀ ਲਹਿਰ ਦੌੜਾ ਦੇਂਦੀ ਹੈ ।

ਜਿਸ ਇਨਸਾਨ ਦੇ ਖ਼ਿਆਲ ਪਿਆਰ ਮੁਹੱਬਤ ਵਾਲੇ ਹੋਣ, ਉਸ ਨਾਲ ਕਦੇ ਕਿਸੇ ਵੈਰ ਨਹੀਂ ਰੱਖਿਆ । ਜ਼ਿੰਦਗੀ ਵਿੱਚ ਜੇ ਕੋਈ ਵੀ ਵੈਰੀ ਨਾ ਹੋਵੇ, ਜਾਂ ਕਿਸੇ ਨਾਲ ਕੋਈ ਦੁਸ਼ਮਣੀ ਨਾ ਹੋਵੇ ਤਾਂ ਜ਼ਿੰਦਗੀ ਕਿਤਨੀ ਖੁਸ਼ਹਾਲ ਤੇ ਅਨੰਦਮਈ ਹੋਵੇਗੀ। ਪਰ ਇਸ ਦੇ ਉਲਟ ਜੇ ਅਸੀਂ ਹਰੇਕ ਨੂੰ ਨਫਰਤ ਭਰੀ ਨਿਗਾਹ ਨਾਲ ਹੀ ਦੇਖਾਂਗੇ ਤਾਂ ਸਾਨੂੰ ਪਿਆਰ ਕੌਣ ਕਰੇਗਾ ? ਨਫ਼ਰਤ ਤਾਂ ਇਕ ਅੱਗ ਵਾਂਗ ਹੈ, ਜਿੰਨੀ ਚਾਹੋ ਵਧਾ ਲਵੋ । ਪਰ ਨਫਰਤ ਦੀ ਅੱਗ ਨੂੰ ਵਧਾਉਣ ਦਾ ਕੀ ਫ਼ਾਇਦਾ ? ਦਿਲਾਂ ਵਿੱਚ ਪਿਆਰ ਦਾ ਸਾਗਰ ਪੈਦਾ ਕਰੋ ਤਾਂ ਜੋ ਜ਼ਿੰਦਗੀ ਖੁਸ਼ੀ ਵਿੱਚ ਮਿਲ ਸਕੇ ।



www.AKJ.Org

ਇਹ ਜੀਵਨ ਇਕ ਲੰਬੇ ਸਫ਼ਰ ਦੀ ਤਰ੍ਹਾਂ ਹੈ । ਜਿਵੇ ਸਫ਼ਰ ਵਿੱਚ ਵੱਖ ਵੱਖ ਲੋਕਾਂ ਨਾਲ ਵਾਹ ਪੈਂਦਾ ਹੈ, ਉਸੇ ਤਰ੍ਹਾਂ ਜ਼ਿੰਦਗੀ ਦੇ ਇਸ ਸਫ਼ਰ ਵਿੱਚ ਵੀ ਸਾਡਾ ਬਹੁਤ ਸਾਰੇ ਲੋਕਾਂ ਨਾਲ ਵਾਹ ਪੈਂਦਾ ਹੈ । ਜੇ ਸਾਡੇ ਹਿਰਦੇ ਅੰਦਰ ਹਰੇਕ ਲਈ ਪਿਆਰ ਹੋਵੇ, ਤਾਂ ਪਿਆਰ ਦੀਆਂ ਲਹਿਰਾਂ ਦੂਜਿਆਂ ਦੇ ਦਿਲਾਂ ਨੂੰ ਛੋਹ ਕੇ ਉਥੇ ਵੀ ਸਾਡੇ ਵਾਸਤੇ ਪਿਆਰ ਪੈਦਾ ਕਰ ਸਕਦੀਆਂ ਹਨ । ਪਰ ਦੂਜਿਆਂ ਲਈ ਇਹ ਪਿਆਰ ਵੀ ਤਾਂ ਹੀ ਪੈਦਾ ਹੋ ਸਕਦਾ ਹੈ ਜੇ ਸਾਡੇ ਮਨ ਨੂੰ ਯਕੀਨ ਹੋਵੇ ਕਿ ਸਾਰੇ ਜੀਵ ਉਸੇ ਸਿਰਜਣਹਾਰੇ ਦੇ ਹੀ ਸਿਰਜੇ ਹੋਏ ਹਨ ।

ਸੋ ਪ੍ਰਭੂ ਨਾਲ ਮਨ ਜੋੜਨ ਤੇ ਦਿਲਾਂ ਵਿੱਚ ਦੂਜਿਆਂ ਲਈ ਪਿਆਰ ਰੱਖਣ ਅਤੇ ਮਿੱਠਾ ਬੋਲਣ ਨਾਲ ਹੀ ਸਾਨੂੰ ਪਿਆਰ ਮਿਲ ਸਕਦਾ ਹੈ ਅਤੇ ਸਾਡੇ ਅੰਦਰ ਚੰਗੇ ਗੁਣ ਪੈਦਾ ਹੋ ਸਕਦੇ ਹਨ ਅਤੇ ਸਾਡਾ ਜੀਵਨ ਪਿਆਰ ਦੀ ਖ਼ੁਸ਼ਬੋ ਨਾਲ ਮਹਿਕ ਸਕਦਾ ਹੈ ।

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥

(ਸ੍ਰੀ ਗੁਰੂ ਨਾਨਕ ਦੇਵ ਜੀ)

-- ਡਾ: ਮਿਹਰਬਾਨ ਸਿੰਘ

## ਹੇ ਨਾਨਕ

ਹੇ ਨਾਨਕ ! ਹੇ ਸਤਿਗੁਰ ਨਾਨਕ ! ਸੁਣਾ ਜਾ ਤੂੰ ਅਫ਼ਸਾਨਾ ਦਿਲ ਦਾ ।
ਕਲਜੁਗ ਨੇ ਠੋਕਰ ਮਾਰੀ, ਟੁਟ ਗਿਆ ਪੈਮਾਨਾ ਦਿਲ ਦਾ ।
ਆ ਜਾ ਆ ਜਾ ਆ ਜਾ ਮੁੜ ਕੇ, ਨਾਮ ਦੀ ਸ਼ਮ੍ਹਾ ਜਗਾ ਜਾ ਮੁੜ ਕੇ ।
ਲੱਭਦਾ ਪਿਆ ਈ ਚਾਰ ਚੁਫੇਰੇ, ਅੱਜ ਤੈਨੂੰ ਪ੍ਰਵਾਨਾ ਦਿਲ ਦਾ ।
ਦੁਨੀਆਂ ਲੱਭਦੀ ਪਈ ਮਤਵਾਲੀ, ਅੱਖੀਆਂ ਦੇ ਠੂਠੇ ਖਾਲੀ ।
ਭਰਦੇ ਭਰਦੇ ਫੇਰ ਲੁਟਾ ਦੇ, ਦਾਤਾ ਤੂੰ ਮੈ-ਖਾਨਾ ਦਿਲ ਦਾ ।
ਭੁੱਖਾਂ ਨੇ ਅੱਜ ਡੇਰੇ ਲਾ ਲਏ, ਬਾਲ ਤੇਰੇ ਫੇਰ ਕਾਲ ਨੇ ਖਾ ਲਏ ।
ਕਰ ਜਾ ਸੱਚੇ ਸੌਦੇ ਜਾਂ ਤੂੰ, ਖੋਲ੍ਹ ਦੇ ਮੋਦੀ ਖ਼ਾਨਾ ਦਿਲ ਦਾ ।
ਜੀ ਕਰਦੈ ਮੁੜ ਦਰਸ਼ਨ ਪਾਵਾਂ, ਚਰਨ ਧੂੜ ਮੱਥੇ ਤੇ ਲਾਵਾਂ ।
ਬਾਲਾ ਸਿਰ ਤੇ ਚੰਵਰ ਝੁਲਾਵੇ, ਗੀਤ ਗਾਵੇ ਮਰਦਾਨਾ ਦਿਲ ਦਾ ।
ਤੂੰ ਹੀ ਮੇਰੀਆਂ ਪੀੜਾਂ ਜਾਣੇਂ, ਤੂੰ ਹੀ ਮੇਰਾ ਰੋਗ ਪਛਾਣੇਂ ।
ਤੇਰੇ ਬਾਝੋਂ ਦਾਤਾ ਮੇਰੀ, ਕੀ ਸਮਝੇ ਬੇਗਾਨਾ ਦਿਲ ਦਾ ।

◇◇◇



www.AKJ.Org



ਗੁ: ਬਾਲ ਲੀਲਾ ਸਾਹਿਬ
(ਨਨਕਾਣਾ ਸਾਹਿਬ ਪਾਕਿਸਤਾਨ)

www.AKJ.Org

R.N.I. No. 12245/66 SURA- November-December 2001 P.O. Regd. No. PB/0169/2001

ਮਾਸਿਕ ਪੱਤਰ

# ਸੂਰਾ

Sura Monthly

November-December 2001

November 2001



## ਗੁਰਦੁਆਰਾ ਪੰਜਾ ਸਾਹਿਬ
## ਹਸਨ ਅਬਦਾਲ (ਪਾਕਿਸਤਾਨ)

www.AKJ.Org